ਐਤਵਾਰ, 22 ਨਵੰਬਰ, 2026
7 ਮੱਘਰ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 172

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 22 NOVEMBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14




# ਜੇਲ੍ਹ ਭਰੋ ਅੰਦੋਲਨ ਲੋਕ ਹਿੱਤਾਂ ਲਈ : ਅਰਸ਼ੀ

## ਭਾਜਪਾ ਨੂੰ ਰੋਕਣ ਲਈ ਖੱਬੀਆਂ ਧਿਰਾਂ ਤੇ ਕਾਂਗਰਸ ਦੀ ਅਗਵਾਈ ਜ਼ਰੂਰੀ : ਸੀ ਪੀ ਆਈ

**ਮਾਨਸਾ (ਆਤਮਾ ਸਿੰਘ ਪਮਾਰ)** ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਤਹਿਸੀਲ ਮਾਨਸਾ, ਸਰਦੂਲਗੜ੍ਹ ਤੇ ਸ਼ਹਿਰ ਕਮੇਟੀ ਦੀ ਜਨਰਲ ਬਾਡੀ ਮੀਟਿੰਗ ਅਰਵਿੰਦਰ ਕੌਰ ਤੇ ਪੂਰਨ ਸਿੰਘ ਸਰਦੂਲਗੜ੍ਹ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ ਵੱਡੀ ਪੱਧਰ 'ਤੇ ਆਗੂਆਂ ਤੋਂ ਇਲਾਵਾ ਸਰਗਰਮ ਵਰਕਰਾਂ ਨੇ ਵੀ ਹਿੱਸਾ ਲਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਪੰਜਾਬੀਆਂ ਨੂੰ ਖ਼ਬਰਦਾਰ ਕੀਤਾ ਕਿ ਸਿਰੇ ਦੀ ਲੋਕ ਵਿਰੋਧੀ ਅਡਾਨੀ-ਅੰਬਾਨੀ ਦੀ ਸੇਵਕ ਤੇ ਤਾਨਾਸ਼ਾਹ ਭਾਜਪਾ ਪੰਜਾਬ ਹਥਿਆਉਣ ਲਈ ਸਿਰ ਧੜ ਦੀ ਬਾਜ਼ੀ ਲਾ ਰਹੀ ਹੈ। ਆਪਣੀ ਸ਼ਾਨਾਮੱਤੀ ਵਿਰਾਸਤ ਨੂੰ ਤਿਲਾਂਜਲੀ ਦੇ ਕੇ ਅਕਾਲੀ ਦਲ ਭਾਜਪਾ ਦੇ ਕੁਹਾੜੇ ਦਾ ਦਸਤਾ ਬਣਨ ਲਈ ਪੱਬਾਂ ਭਾਰ ਬਣਿਆ ਨਜ਼ਰ ਆਉਂਦਾ ਹੈ।ਪੰਜਾਬ ਗੁਰੂਆਂ, ਪੀਰਾਂ, ਸੂਰਬੀਰਾਂ ਤੇ ਮਹਾਨ ਦੇਸ਼ ਭਗਤਾਂ ਦੀ ਧਰਤੀ ਦੇ ਨਾਲ ਨਾਲ ਇੱਕ ਸਰਹੱਦੀ ਸੂਬਾ ਹੈ।ਉਹਨਾ ਕਿਹਾ ਕਿ 1 ਦਸੰਬਰ ਤੋਂ ਜੇਲ੍ਹ ਭਰੋ ਅੰਦੋਲਨ ਤਹਿਤ ਦੇਸ਼ ਬਚਾਓ -ਪੰਜਾਬ ਬਚਾਓ, ਗਿਆਨੇਸ਼ ਕੁਮਾਰ ਹਟਾਓ-ਵੋਟ ਚੋਰੀ ਬਚਾਓ, ਜਮਹੂਰੀਅਤ ਬਚਾਓ-ਦੇਸ਼ ਬਚਾਓ, ਨਸ਼ੇ ਰੋਕੋ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਦੂਰ ਕਰਨ ਸਮੇਤ ਪੰਜਾਬ ਦੇ ਹੱਕਾਂ 'ਤੇ ਵੱਜ ਰਹੇ ਡਾਕਿਆਂ ਨੂੰ ਰੋਕਣ ਆਦਿ ਮੰਗਾਂ ਸੰਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸੂਬੇ ਦੀ ਵਿਗੜ ਰਹੀ ਕਾਨੂੰਨੀ ਵਿਵਸਥਾ, ਗੈਂਗਸਟਰਵਾਦ, ਨਸ਼ੇ, ਡਾਕੇ, ਕਤਲ, ਲੁੱਟਾਂ-ਖੋਹਾਂ ਤੇ ਚੋਰੀਆਂ ਨੂੰ ਰੋਕਣ 'ਚ ਮਾਨ ਸਰਕਾਰ ਬੁਰੀ ਤਰ੍ਹਾਂ ਅਸਫ਼ਲ ਰਹੀ ਹੈ। ਇਨਸਾਫ ਮੰਗਦੇ ਸੰਘਰਸ਼ੀ ਲੋਕਾਂ ਨੂੰ ਪੁਲਸ ਦੇ ਡੰਡੇ ਦੇ ਜ਼ੋਰ 'ਤੇ ਰੋਕਿਆ ਜਾ ਰਿਹਾ ਹੈ। ਇਹਨਾਂ ਧੱਕੇਸ਼ਾਹੀਆ ਖ਼ਿਲਾਫ਼ ਇੱਕ ਦਸੰਬਰ ਨੂੰ ਸੀ ਪੀ ਆਈ ਜੇਲ੍ਹ ਭਰੋ ਅੰਦੋਲਨ ਕਰੇਗੀ।

ਪਾਰਟੀ ਨੇ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਨੂੰ ਪੰਜਾਬ 'ਚੋਂ ਰੋਕਣ ਲਈ ਕਾਂਗਰਸ ਤੇ ਖੱਬੀਆਂ ਧਿਰਾਂ ਦੀ ਅਗਵਾਈ ਕਰਨ ਲਈ ਸਮੇਂ ਦੀ ਵੱਡੀ ਲੋੜ ਦੱਸਿਆ। ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ ਨੇ ਆਪਣੇ ਸੰਬੋਧਨ ਵਿਚ ਪੰਜਾਬ ਤੇ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਸੀ ਪੀ ਆਈ ਵੱਲੋਂ ਇੱਕ ਦਸੰਬਰ ਨੂੰ ਮਾਨਸਾ ਵਿਖੇ ਕੀਤੇ ਜਾ ਰਹੇ ਜੇਲ੍ਹ ਭਰੋ ਅੰਦੋਲਨ ਵਿਚ ਜਥੇ ਬੰਨ੍ਹ ਕੇ ਸ਼ਾਮਲ ਹੋਣ ਲਈ ਸਵੇਰੇ 11-00 ਰੇਲਵੇ ਮਾਲ ਗੋਦਾਮ ਮਾਨਸਾ 'ਤੇ ਇਕੱਠੇ ਹੋ ਕੇ ਗ੍ਰਿਫ਼ਤਾਰੀਆਂ ਦੇਣ ਲਈ ਡੀ ਸੀ ਦਫ਼ਤਰ ਵੱਲ ਮਾਰਚ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।ਤਹਿਸੀਲ ਸਕੱਤਰ ਰੂਪ ਸਿੰਘ ਢਿੱਲੋਂ, ਸ਼ਹਿਰੀ ਸਕੱਤਰ ਰਤਨ ਭੋਲਾ, ਏਟਕ ਆਗੂ ਕਰਨੈਲ ਸਿੰਘ ਭੀਖੀ ਨੇ ਭਰੋਸਾ ਦਿੱਤਾ ਕਿ ਜੇਲ੍ਹ ਭਰੋ ਅੰਦੋਲਨ 'ਚ ਵੱਡੀ ਪੱਧਰ 'ਤੇ ਸਾਥੀਆਂ ਦੀ ਸ਼ਮੂਲੀਅਤ ਹੋਵੇਗੀ।

ਇਸ ਮੌਕੇ ਕੇਵਲ ਸਿੰਘ ਸਮਾਓ, ਕੁਲਵਿੰਦਰ ਪਾਸਟਰ ਭੀਖੀ, ਜਗਰਾਜ ਸਿੰਘ ਹੀਰ ਕੇ, ਡਾ. ਰਾਜ ਕੁਮਾਰ ਸ਼ਰਮਾ, ਨਰੇਸ਼ ਕੁਮਾਰ ਬੁਰਜ ਹਰੀ, ਸਤਪਾਲ ਕੌਰ ਖੀਵਾ, ਬੂਟਾ ਸਿੰਘ ਬਰਨਾਲਾ, ਹਰਪਾਲ ਸਿੰਘ ਬੱਪੀਆਣਾ, ਗੁਰਦਿਆਲ ਸਿੰਘ ਦਲੇਲ ਸਿੰਘ ਵਾਲਾ, ਸੁਖਦੇਵ ਸਿੰਘ ਪੰਧੇਰ, ਸੁਖਦੇਵ ਸਿੰਘ ਮਾਨਸਾ, • ਬਾਕੀ ਸਫਾ 2 'ਤੇ

## ਮਾਲੇਰਕੋਟਲਾ ਦੇ ਸਾਥੀ ਵੱਡੀ ਗਿਣਤੀ 'ਚ ਦੇਣਗੇ ਗ੍ਰਿਫ਼ਤਾਰੀਆਂ



**ਮਾਲੇਰਕੋਟਲਾ (ਨਵਾਂ ਜ਼ਮਾਨਾ ਸਰਵਿਸ)** ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਮਾਲੇਰਕੋਟਲਾ ਦੀ ਕੌਂਸਲ ਮੀਟਿੰਗ ਚਰਨ ਸਿੰਘ ਭੁੱਟੀਆਂ ਕਲਾਂ ਦੀ ਪ੍ਰਧਾਨਗੀ ਹੇਠ ਪਾਰਟੀ ਦਫਤਰ ਮਾਲੇਰਕੋਟਲਾ ਵਿਖੇ ਹੋਈ।ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਭਰਪੂਰ ਸਿੰਘ ਬੁਲਾਪੁਰ ਨੇ ਕਿਹਾ ਕਿ ਪਿਛਲੀ ਜ਼ਿਲ੍ਹਾ ਕੌਂਸਲ ਮੀਟਿੰਗ 17 ਅਕਤੂਬਰ ਨੂੰ ਹੋਈ ਸੀ।28- 29 ਅਕਤੂਬਰ ਨੂੰ ਪੰਜਾਬ ਏਟਕ ਦੀ ਚੋਣ ਚੰਡੀਗੜ੍ਹ ਵਿਖੇ ਹੋਈ।01 ਨਵੰਬਰ ਨੂੰ ਇੰਡੀਆ ਬਲਾਕ ਸੀ ਪੀ ਆਈ, ਸੀ ਪੀ ਆਈ ਐੱਮ, ਕਾਂਗਰਸ, ਸਮਾਜਵਾਦੀ ਪਾਰਟੀ ਆਦਿ ਵੱਲੋਂ ਚੋਣ ਕਮਿਸ਼ਨ ਦੇ ਵਿਰੁੱਧ 13 ਕਰੋੜ ਵੋਟਾਂ ਕੱਟਣ ਕਾਰਨ ਅਤੇ ਲੋਕਾਂ ਦਾ ਵੋਟ ਦਾ ਹੱਕ ਖੋਹਣ ਦੇ ਵਿਰੁੱਧ ਰਾਮਲੀਲਾ ਗਰਾਊਂਡ ਦਿੱਲੀ ਵਿਖੇ ਵੱਡੀ ਰੈਲੀ ਹੋਈ, ਜਿਸ ਵਿੱਚ ਲੱਖਾਂ ਦੀ ਗਿਣਤੀ 'ਚ ਲੋਕ ਸ਼ਾਮਲ ਹੋਏ ਅਤੇ ਸੀ ਪੀ ਆਈ ਦੇ ਹਜ਼ਾਰਾਂ ਸਾਥੀ ਰੈਲੀ 'ਚ ਸ਼ਾਮਲ ਹੋਏ। ਮਾਲੇਰਕੋਟਲਾ ਤੋਂ ਸੈਂਕੜੇ ਸਾਥੀ ਸ਼ਾਮਲ ਹੋਏ।ਮੀਟਿੰਗ ਵਿੱਚ ਫੈਸਲਾ ਕੀਤਾ ਕਿ • ਬਾਕੀ ਸਫਾ 2 'ਤੇ

## ਖ਼ੁਦਕੁਸ਼ੀ ਮਾਮਲੇ 'ਚ ਭੁੱਲਰ ਦੇ ਪਿਤਾ ਨੂੰ ਰਾਹਤ

**ਨਵੀਂ ਦਿੱਲੀ (ਨ ਜ਼ ਸ)**-ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਖ਼ੁਦਕੁਸ਼ੀ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਨੂੰ ਗ੍ਰਿਫ਼ਤਾਰੀ ਤੋਂ ਅੰਤਰਮ ਰਾਹਤ ਦੇ ਦਿੱਤੀ ਹੈ। ਦੂਜੇ ਪਾਸੇ ਅਦਾਲਤ ਨੇ ਇਸੇ ਬਹੁ-ਚਰਚਿਤ ਮਾਮਲੇ ਦੇ ਤੀਜੇ ਮੁਲਜ਼ਮ ਅਤੇ ਸਾਬਕਾ ਮੰਤਰੀ ਦੇ ਨਿੱਜੀ ਸਹਾਇਕ (ਪੀ ਏ) ਦਿਲਬਾਗ ਸਿੰਘ ਦੀ ਅਗਾਊਂ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਹੈ। ਜਸਟਿਸ ਪ੍ਰਸ਼ਾਂਤ ਕੁਮਾਰ ਮਿਸ਼ਰਾ ਅਤੇ ਜਸਟਿਸ ਸ੍ਰੀ ਨਰਸਿਮਹਾ 'ਤੇ ਆਧਾਰਤ ਬੈਂਚ ਨੇ ਹੁਕਮ ਦਿੱਤਾ ਕਿ ਸੁਖਦੇਵ ਸਿੰਘ ਭੁੱਲਰ ਦੀ ਉਮਰ ਕਰੀਬ 77 ਸਾਲ ਹੈ ਅਤੇ ਉਹ ਕਈ ਬਿਮਾਰੀਆਂ ਤੋਂ ਪੀੜਤ ਹਨ। ਇਸ ਦੇ ਮੱਦੇਨਜ਼ਰ ਅੰਮ੍ਰਿਤਸਰ ਦੇ ਰਣਜੀਤ ਐਵੇਨਿਊ ਥਾਣੇ ਵਿੱਚ ਦਰਜ ਖ਼ੁਦਕੁਸ਼ੀ ਲਈ ਉਕਸਾਉਣ ਦੇ ਮਾਮਲੇ ਵਿੱਚ ਉਨ੍ਹਾ ਨੂੰ ਗ੍ਰਿਫ਼ਤਾਰ ਨਾ ਕੀਤਾ ਜਾਵੇ।

ਅਦਾਲਤ ਨੇ ਸਪੱਸ਼ਟ ਕੀਤਾ ਕਿ ਗ੍ਰਿਫ਼ਤਾਰੀ ਤੋਂ ਇਹ ਅੰਤਰਮ ਸੁਰੱਖਿਆ ਜਾਂਚ ਵਿੱਚ ਸਹਿਯੋਗ ਦੇਣ ਦੀ ਸ਼ਰਤ 'ਤੇ ਜਾਰੀ ਰਹੇਗੀ ਅਤੇ ਇਸ ਮਾਮਲੇ ਦੀ ਅਗਲੀ ਸੁਣਵਾਈ 8 ਫਰਵਰੀ 2027 ਨੂੰ ਹੋਵੇਗੀ।

## ਬ੍ਰਿਟਿਸ਼ ਕੋਲੰਬੀਆ ਦੀ ਵਜ਼ਾਰਤ 'ਚ 7 ਪੰਜਾਬੀਆਂ ਨੂੰ ਥਾਂ ਮਿਲੀ



**ਵੈਨਕੂਵਰ (ਨ ਜ਼ ਸ)**-ਬ੍ਰਿਟਿਸ਼ ਕੋਲੰਬੀਆ ਦੀਆਂ ਮੱਧਕਾਲੀ ਚੋਣਾਂ ਵਿੱਚ ਹੂੰਝਾ ਫੇਰ ਜਿੱਤ ਹਾਸਲ ਕਰਨ ਤੋਂ ਕਰੀਬ ਇਹ ਮਹੀਨਾ ਬਾਅਦ ਅੱਜ ਕੰਜ਼ਰਵੇਟਿਵ ਪਾਰਟੀ ਨੇ ਆਪਣੀ ਸਰਕਾਰ ਦਾ ਗਠਨ ਕਰ ਲਿਆ ਹੈ। ਮੁੱਖ ਮੰਤਰੀ ਲੌਰਨ ਡੌਰਕਸਨ ਸਮੇਤ 24 ਮੰਤਰੀ ਅਤੇ 12 ਪਾਰਲੀਮਾਨੀ ਸਕੱਤਰਾਂ ਦਾ ਸਹੁੰ ਚੁੱਕ ਸਮਾਗਮ ਹੋਇਆ। 7 ਪੰਜਾਬੀਆਂ ਨੂੰ ਮੰਤਰੀ ਮੰਡਲ 'ਚ ਥਾਂ ਮਿਲੀ ਹੈ, ਜਿਨ੍ਹਾਂ ਵਿੱਚ ਤਿੰਨ ਮੰਤਰੀ ਤੇ ਚਾਰ ਪਾਰਲੀਮਾਨੀ ਸਕੱਤਰ ਬਣੇ ਹਨ। ਵਿਭਾਗਾਂ ਦੀ ਵੰਡ 'ਤੇ ਨਜ਼ਰ ਮਾਰੀਏ ਤਾਂ ਪੰਜਾਬੀਆਂ ਨੂੰ ਮੁੱਖ ਵਿਭਾਗਾਂ ਤੋਂ ਥੋੜ੍ਹਾ ਪਾਸੇ ਰੱਖਿਆ ਗਿਆ ਹੈ। ਜੈਸੀ ਸਹੋਤਾ ਨੂੰ ਸੋਲਿਸਟਰ ਜਨਰਲ ਤੇ ਲੋਕ ਸੁਰੱਖਿਆ ਵਿਭਾਗ, ਜੀਸ਼ਨ ਵਾਹਲਾ ਨੂੰ ਹਾਊਸਿੰਗ ਵਿਭਾਗ ਦਾ ਰਾਜ ਮੰਤਰੀ, ਹਰਮਨ ਭੰਗੂ ਨੂੰ ਕਿਰਤ ਵਿਭਾਗ ਦਾ ਰਾਜ ਮੰਤਰੀ ਬਣਾਇਆ ਗਿਆ ਹੈ। ਇਸੇ ਤਰਾਂ ਚਾਰ ਪਾਰਲੀਮਾਨੀ ਸਕੱਤਰਾਂ ਵਿੱਚ ਸਟੀਵ ਕੂਨਰ ਨੂੰ ਇੰਫ੍ਰਾਸਟ੍ਰੱਕਚਰ ਨਿਗਮ ਦੀ ਨਿਗਰਾਨੀ ਸੌਂਪੀ ਗਈ ਹੈ। ਮਨਦੀਪ ਧਾਲੀਵਾਲ ਨੂੰ ਖੇਡਾਂ ਤੇ ਸੱਭਿਆਚਾਰਕ ਮਾਮਲੇ ਅਤੇ ਜੋਡੀ ਤੂਰ ਨੂੰ ਸੈਰ-ਸਪਾਟਾ ਵਿਭਾਗ ਨਾਲ ਜੋੜਿਆ ਗਿਆ ਹੈ। ਹਰਜ ਧਾਲੀਵਾਲ ਨੂੰ ਸਰਕਾਰੀ ਟਰਾਂਸਪੋਰਟ ਵਿਭਾਗ ਟਰਾਂਸਲਿੰਕ ਦੀ ਨਿਗਰਾਨੀ ਸੌਂਪੀ ਗਈ ਹੈ। ਸੱਤਾਧਾਰੀ ਪਾਰਟੀ ਨੇ 92 ਮੈਂਬਰੀ ਹਾਊਸ ਲਈ 63 ਸੀਟਾਂ ਜਿੱਤ ਕੇ ਰਿਕਾਰਡ ਬਣਾਇਆ ਹੈ। ਜ਼ਿਕਰਯੋਗ ਹੈ ਕਿ ਐਨ ਡੀ ਪੀ ਦੇ ਆਗੂ ਡੇਵਿਡ ਈਬੀ ਦੀ ਅਗਵਾਈ ਵਾਲੀ ਪਿਛਲੀ ਸਰਕਾਰ ਦਾ ਕਾਰਜਕਾਲ ਅਜੇ ਦੋ ਸਾਲ ਰਹਿੰਦਾ ਸੀ, ਪਰ ਈਬੀ ਨੇ ਦੋ ਸਾਲ ਦੇ ਵਾਧੇ ਦਾ ਲਾਹਾ ਲੈਣ ਲਈ ਵਿਧਾਨ ਸਭਾ ਭੰਗ ਕਰਕੇ ਮੱਧਕਾਲੀ ਚੋਣਾਂ 'ਤੇ ਦਾਅ ਖੇਡਿਆ, ਜੋ ਉਸ ਨੂੰ ਪੂਰੀ ਤਰਾਂ ਪੁੱਠਾ ਪੈ ਗਿਆ ਤੇ ਉਹ ਚੋਣਾਂ ਹਾਰ ਗਏ।



## ਕੈਨੇਡਾ 'ਚ ਪੰਜਾਬੀ ਨੌਜਵਾਨ ਵੱਲੋਂ ਖੁਦਕੁਸ਼ੀ

**ਵੈਨਕੂਵਰ :** ਬਠਿੰਡਾ ਦੇ ਬੁਰਜ ਗਿੱਲ ਦੇ 23 ਸਾਲਾ ਨੌਜਵਾਨ ਨੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਖੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਸੁਖਮਨਦੀਪ ਸਿੰਘ ਵਜੋਂ ਹੋਈ ਹੈ, ਜਿਸ ਨੇ ਕਰੀਬ ਡੇਢ ਸਾਲ ਪਹਿਲਾਂ ਆਪਣੀ ਪੜ੍ਹਾਈ ਪੂਰੀ ਕੀਤੀ ਸੀ ਅਤੇ ਵਰਕ ਪਰਮਿਟ 'ਤੇ ਕੰਮ ਕਰਨਾ ਸ਼ੁਰੂ ਕੀਤਾ ਸੀ। ਪਰਵਾਰ ਨੇ 8 ਕਨਾਲ ਜ਼ਮੀਨ ਗਹਿਣੇ ਰੱਖ ਕੇ ਉਸ ਨੂੰ ਵਿਦੇਸ਼ ਭੇਜਿਆ ਸੀ।

## ਕੁਝ ਲੋਕ ਪੂਰੇ ਦੇਸ਼ ਨੂੰ ਹਨੇਰੇ 'ਚ ਸੁੱਟਣ ਦੀ ਕੋਸ਼ਿਸ਼ 'ਚ : ਬਿਲਕਿਸ ਬਾਨੋ

**ਕੋਚੀ (ਨਵਾਂ ਜ਼ਮਾਨਾ ਸਰਵਿਸ)** 'ਮੇਰੀ ਜ਼ਿੰਦਗੀ ਵਿੱਚ ਹਨੇਰਾ ਫੈਲਾਉਣ ਵਾਲੇ ਹੁਣ ਪੂਰੇ ਦੇਸ਼ ਨੂੰ ਹਨੇਰੇ ਵਿੱਚ ਸੁੱਟਣ ਦੀ ਕੋਸ਼ਿਸ਼ ਕਰ ਰਹੇ ਹਨ।' 2002 ਦੇ ਗੁਜਰਾਤ ਦੰਗਿਆਂ ਤੋਂ ਬਚੀ ਬਿਲਕਿਸ ਬਾਨੋ ਨੇ ਸ਼ਨੀਵਾਰ ਕੋਚੀ ਵਿੱਚ ਇਹ ਪ੍ਰਗਟਾਵਾ ਕੀਤਾ। ਟਾਊਨ ਹਾਲ ਵਿਖੇ ਵੈਲਫੇਅਰ ਪਾਰਟੀ ਆਫ਼ ਇੰਡੀਆ ਦੇ ਕੇਰਲਾ ਰਾਜ ਸੰਮੇਲਨ ਦੇ ਉਦਘਾਟਨ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਬੋਲਦਿਆਂ ਬਿਲਕਿਸ ਨੇ ਕਿਹਾ ਕਿ ਦੁਖਾਂਤ ਲਈ ਜ਼ਿੰਮੇਵਾਰ ਲੋਕ ਉਸ ਦੇ ਪਰਵਾਰ ਦਾ ਪਿੱਛਾ ਕਰਨਾ ਜਾਰੀ ਰੱਖ ਰਹੇ ਹਨ। ਪਾਰਟੀ ਦੀ ਕੇਰਲ ਇਕਾਈ ਵੱਲੋਂ ਜਾਰੀ ਪ੍ਰੈੱਸ ਬਿਆਨ ਅਨੁਸਾਰ ਉਸ ਨੇ ਪ੍ਰਬੰਧਕਾਂ ਨਾਲ ਗੱਲਬਾਤ ਦੌਰਾਨ ਇਹ ਟਿੱਪਣੀਆਂ ਕੀਤੀਆਂ। 'ਦਰਦ, ਸਦਮਾ ਅਤੇ ਅਵਿਸ਼ਵਾਸ' 'ਚ ਘਿਰੀ ਬਿਲਕਿਸ ਬਾਨੋ ਕਹਿੰਦੀ ਹੈ ਕਿ ਸੁਪਰੀਮ ਕੋਰਟ ਨੇ ਉਸ ਦੀ ਗੱਲ ਸੁਣੇ ਬਿਨਾਂ ਸਮੂਹਿਕ ਬਲਾਤਕਾਰ ਦੇ ਦੋਸ਼ੀਆਂ ਦੀਆਂ ਸਜ਼ਾਵਾਂ ਮੁਅੱਤਲ ਕਰ ਦਿੱਤੀਆਂ।



ਉਸ ਭਿਆਨਕ ਘਟਨਾ ਨੂੰ ਯਾਦ ਕਰਦਿਆਂ ਬਿਲਕਿਸ ਨੇ ਕਿਹਾ ਕਿ ਇੱਕ ਦਿਨ ਉਹ ਅਤੇ ਉਸ ਦਾ ਪਰਵਾਰ ਇੱਕ ਭਿਆਨਕ ਸੁਪਨੇ ਵਿੱਚ ਜਾਗੇ। ਉਸ ਦੁਖਾਂਤ ਲਈ ਜ਼ਿੰਮੇਵਾਰ ਲੋਕ ਅੱਜ ਵੀ ਉਨ੍ਹਾਂ ਦਾ ਪਿੱਛਾ ਕਰ ਰਹੇ ਹਨ। ਗੁਜਰਾਤ ਵਿੱਚ ਉਨ੍ਹਾਂ ਦੁਆਰਾ ਦੇਖੇ ਗਏ ਅਤੇ ਸਹਿਣ ਕੀਤੇ ਗਏ ਜ਼ੁਲਮ ਹੁਣ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਦੁਹਰਾਏ ਜਾ ਰਹੇ ਹਨ ਅਤੇ ਉਸ ਨੂੰ ਇਨਸਾਫ਼ ਦੀ ਭਾਲ ਵਿੱਚ ਦੇਸ਼ ਭਰ ਵਿੱਚ ਭਟਕਣ ਲਈ ਮਜਬੂਰ ਕੀਤਾ ਗਿਆ ਹੈ। ਇਨ੍ਹਾਂ ਸਾਲਾਂ ਦੌਰਾਨ ਉਸ ਨੂੰ ਅਤੇ ਪਰਵਾਰ ਨੂੰ ਕਈ ਵਾਰ ਘਰ ਬਦਲਣਾ ਪਿਆ। ਜਦੋਂ ਸਾਡੇ 'ਤੇ ਹਮਲਾ ਹੋਇਆ ਤਾਂ ਇਹ ਗੁੰਡੇ ਅਤੇ ਅਪਰਾਧੀ ਸਨ, ਜੋ ਹਮਲਾਵਰਾਂ ਦੇ ਨਾਲ ਖੜ੍ਹੇ ਸਨ। ਅੱਜ ਪੁਲਸ, ਅਧਿਕਾਰੀ ਅਤੇ ਪ੍ਰਸ਼ਾਸਨ ਮਿਲ ਕੇ ਆਪਣੇ ਹਿੱਤਾਂ ਨੂੰ ਪੂਰਾ ਕਰਦੇ ਹਨ। ਬਿਲਕਿਸ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਹਾਲ ਹੀ ਵਿੱਚ ਉਸ ਦੇ ਮਾਮਲੇ ਵਿੱਚ ਦੋ ਦੋਸ਼ੀਆਂ ਦੀਆਂ ਸਜ਼ਾਵਾਂ ਨੂੰ ਮੁਅੱਤਲ ਕਰਨਾ ਇੱਕ ਵੱਡਾ ਝਟਕਾ ਹੈ। ਨਿਆਂ ਪਾਲਿਕਾ ਤੋਂ ਵੀ ਨਿਰਾਸ਼ਾ ਦਾ ਸਾਹਮਣਾ ਕਰਨਾ ਦੁਖਦਾਈ ਹੈ। ਇਨ੍ਹਾਂ ਹਨੇਰੇ ਸਮਿਆਂ ਵਿੱਚ ਵੀ ਮੈਂ ਕੇਰਲ ਨੂੰ ਉਮੀਦ ਨਾਲ ਦੇਖਦੀ ਹਾਂ। ਉਸ ਨੇ ਕਿਹਾ ਕਿ ਕੇਰਲ ਪਹੁੰਚਣ ਤੋਂ ਬਾਅਦ ਉਸ ਨੂੰ ਜੋ ਪਿਆਰ ਅਤੇ ਦੇਖਭਾਲ ਮਿਲੀ ਹੈ, ਉਸ ਨੇ ਉਸ ਨੂੰ ਬਹੁਤ ਖੁਸ਼ੀ ਦਿੱਤੀ ਹੈ। ਮੈਂ ਆਪਣੀ ਜ਼ਿੰਦਗੀ ਵਿੱਚ ਵਾਪਰੀ ਹਰ ਚੀਜ਼ ਨੂੰ ਇੱਕ ਬੁਰੇ • ਬਾਕੀ ਸਫਾ 2 'ਤੇ

## ਅਮਰੀਕੀ ਅਦਾਲਤ ਨੇ ਡਾਵੋਲ ਤੇ ਗੋਇਲ ਨੂੰ ਭੇਜੇ ਸੰਮਨ



**ਵਾਸ਼ਿੰਗਟਨ :** ਅਮਰੀਕਾ ਦੀ ਇੱਕ ਅਦਾਲਤ ਨੇ ਖ਼ਾਲਿਸਤਾਨੀ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਨਾਲ ਸੰਬੰਧਤ ਇੱਕ ਮਾਮਲੇ ਵਿੱਚ ਭਾਰਤ ਦੇ ਕੌਮੀ 

## ਆਕਸਫੋਰਡ ਸਕੂਲ 'ਚ ਧੂਮਧਾਮ ਨਾਲ ਮਨਾਇਆ ਬਾਲ ਦਿਵਸ




**ਬਠਿੰਡਾ (ਰਾਜੀਵ ਗੋਇਲ)**-ਦਿ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈ ਕਾ ਵਿਖੇ ਬਾਲ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਵਿਦਿਆਰਥੀਆਂ ਦੇ ਵੱਖ-ਵੱਖ ਖੇਡ ਮੁਕਾਬਲੇ ਵੀ ਕਰਵਾਏ ਗਏ। ਇਸ ਤੋਂ ਇਲਾਵਾ ਵਿਦਿਆਰਥੀਆਂ ਦੀਆਂ ਹੋਰ ਵੀ ਅਨੇਕਾਂ ਗਤੀਵਿਧੀਆਂ ਕਰਵਾਈਆਂ ਗਈਆਂ, ਜਿਸ ਵਿੱਚ ਭੰਗੜਾ, ਗਿੱਧਾ, ਡਾਂਸ, ਯੋਗਾ ਤੇ ਪੀ ਟੀ ਸ਼ਾਮਲ ਸਨ। ਦੂਸਰੀਂ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਲਈ ਸੈਰੇਮੋਨੀਅਲ ਲੰਚ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀਆਂ ਨੇ ਫਨ ਗੇਮਜ਼, ਸਪੋਰਟਸ ਗੇਮਜ਼ ਦਾ ਖੂਬ ਆਨੰਦ ਮਾਣਿਆ। ਨੰਨ੍ਹੇ-ਮੁੰਨੇ ਵਿਦਿਆਰਥੀਆਂ ਵੱਲੋਂ ਕਾਰਟੂਨ ਮੂਵੀ ਦਾ ਬਹੁਤ ਆਨੰਦ ਮਾਣਿਆ ਗਿਆ। ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਛੋਟੇ-ਛੋਟੇ ਗਿਫ਼ਟ ਦੇ ਕੇ ਇਸ ਦਿਨ ਨੂੰ ਯਾਦਗਰੀ ਦਿਵਸ ਬਣਾਇਆ। ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਇਸ ਦੌਰਾਨ ਵਿਦਿਆਰਥੀਆਂ ਨੂੰ ਬਾਲ ਦਿਵਸ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਨੂੰ ਬਾਲ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ, ਕਿਉਂਕਿ ਉਹ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਸ੍ਰੀ ਨਹਿਰੂ ਜੀ ਦੀਆਂ ਦੇਸ਼ ਲਈ ਯੋਜਨਾਵਾਂ ਤੇ ਦੇਸ਼ ਨੂੰ ਦੇਣ ਦਾ ਵਿਸਥਾਰ ਪੂਰਵਕ ਜ਼ਿਕਰ ਕਰਦਿਆਂ ਦੇਸ਼ ਨੂੰ ਪਿਆਰ ਕਰਨ ਤੇ ਆਪਾ ਵਾਰਨ ਦਾ ਸੰਦੇਸ਼ ਵੀ ਦਿੱਤਾ। ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੇਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿੰਘ ਸਰਪੰਚ (ਵਿੱਤ-ਸਕੱਤਰ) ਨੇ ਵੀ ਬਾਲ ਦਿਵਸ ਦੀ ਵਧਾਈ ਦਿੱਤੀ।

## ਲਾਈਵ ਕੁਇੱਜ਼ ਪ੍ਰੋਗਰਾਮ ਤੇ ਸਨਮਾਨ ਸਮਾਰੋਹ 24 ਨੂੰ

### ਡੀ ਸੀ ਤੇ ਐੱਸ ਐੱਸ ਪੀ ਵੱਲੋਂ ਸ਼ਿਰਕਤ ਦਾ ਸੱਦਾ ਪ੍ਰਵਾਨ



**ਕੋਟਕਪੂਰਾ (ਰਛਪਾਲ ਭੁੱਲਰ)**-ਤੰਦਰੁਸਤ ਸਮਾਜ, ਸਿਹਤਮੰਦ ਪੰਜਾਬ ਦੀ ਸਿਰਜਣਾ, ਵਾਤਾਵਰਣ ਦੀ ਸੰਭਾਲ ਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਸਬੰਧੀ ਲਗਾਤਾਰ ਯਤਨਸ਼ੀਲ ਸੰਸਥਾ ਜੈਕਾਰਾ ਪਬਲਿਕ ਵੈੱਲਫੇਅਰ ਸੁਸਾਇਟੀ (ਰਜਿ) ਵੱਲੋਂ 27ਵਾਂ ਲਾਈਵ ਕੁਇੱਜ਼ ਪ੍ਰੋਗਰਾਮ ਤੇ ਸਨਮਾਨ ਸਮਾਰੋਹ 24 ਨਵੰਬਰ ਨੂੰ ਸਵੇਰੇ ਠੀਕ 10.30 ਵਜੇ ਗੁਰਦਵਾਰਾ ਗੁਰੂ ਨਾਨਕ ਸਤਿਸੰਗ ਸਭਾ ਫੇਰੂਮਾਨ ਚਕ ਕੋਟਕਪੂਰਾ ਵਿਖੇ ਹੋਵੇਗਾ, ਜਿਸ ਵਿੱਚ ਮੁੱਖ ਮਹਿਮਾਨ ਮਾਨਯੋਗ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਤੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਮਾਨਯੋਗ ਗੁਰਬੰਸ ਸਿੰਘ ਬੈਂਸ ਐੱਸ ਐੱਸ ਪੀ ਫਰੀਦਕੋਟ ਸ਼ਿਰਕਤ ਕਰਨਗੇ। ਸੁਸਾਇਟੀ ਦੇ ਪ੍ਰਧਾਨ ਅਮਰਦੀਪ ਸਿੰਘ ਦੀਪਾ ਤੇ ਚੇਅਰਮੈਨ ਗੁਰਿੰਦਰ ਸਿੰਘ ਮਹਿੰਦੀਰੱਤਾ ਮੁਤਾਬਿਕ ਡਿਪਟੀ ਕਮਿਸ਼ਨਰ ਤੇ ਐੱਸਐੱਸਪੀ ਨੂੰ ਸੱਦਾ ਪੱਤਰ ਦੇਣ ਮੌਕੇ ਦੱਸਿਆ ਕਿ ਗੁਰੂ ਨਾਨਕ ਪਾਤਸ਼ਾਹ ਜੀ ਦੇ ਗੁਰਪੁਰਬ ਦੀ ਖੁਸ਼ੀ ਵਿੱਚ ਕੋਟਕਪੂਰਾ ਵਿਖੇ ਨਿਕਲਣ ਵਾਲੇ ਨਗਰ ਕੀਰਤਨ ਮੂਹਰੇ ਜੈਕਾਰਾ ਪਬਲਿਕ ਵੈੱਲਫੇਅਰ ਸੁਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 100 ਸੁਆਲ 100 ਜੁਆਬ ਦਾ ਲਾਈਵ ਕੁਇੱਜ਼ ਪ੍ਰੋਗਰਾਮ ਹੋਵੇਗਾ, ਸਹੀ ਜਵਾਬ ਦੇਣ ਵਾਲਿਆਂ ਨੂੰ ਮੌਕੇ 'ਤੇ ਹੀ ਸਨਮਾਨ ਚਿੰਨ, ਸਰਟੀਫਿਕੇਟ ਤੇ ਗਿਫਟ ਦੇ ਕੇ ਸਨਮਾਨਤ ਕੀਤਾ ਜਾਵੇਗਾ।ਡਿਪਟੀ ਕਮਿਸ਼ਨਰ ਰਾਹੁਲ ਚਾਬਾ ਤੇ ਐੱਸਐੱਸਪੀ ਗੁਰਬੰਸ ਸਿੰਘ ਬੈਂਸ ਨੇ ਸੁਸਾਇਟੀ ਦੇ ਉਕਤ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਆਖਿਆ ਕਿ ਉਹ ਇਸ ਸਮਾਗਮ ਵਿੱਚ ਜ਼ਰੂਰ ਸ਼ਮੂਲੀਅਤ ਕਰਨਗੇ।

## ਭਾਜਪਾ 'ਚ ਹਰ ਮੈਂਬਰ ਨੂੰ ਬਣਦਾ ਮਾਣ ਸਤਿਕਾਰ ਅਵੱਸ਼ ਮਿਲੇਗਾ : ਨਿਸ਼ੂ ਸ਼ਰਮਾ



**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਇੱਕ ਮੈਂਬਰ ਨੂੰ ਬਣਦਾ ਮਾਣ ਸਤਿਕਾਰ ਮਿਲੇਗਾ।ਇਹ ਵਿਚਾਰ ਇੱਥੇ ਇਲਾਕਾ ਇੰਚਾਰਜ ਨਿਸ਼ੂ ਸ਼ਰਮਾ ਦੀ ਅਗਵਾਈ ਹੇਠ ਕਰਵਾਏ ਪ੍ਰੋਗਰਾਮ ਵਿੱਚ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਨਿਸ਼ੂ ਸ਼ਰਮਾ ਨੇ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਇੱਕ ਅਨੁਸ਼ਾਸਤ ਰਾਜਨੀਤਕ ਪਾਰਟੀ ਹੈ, ਜਿਸ ਦਾ ਹਰ ਮੈਂਬਰ ਪਾਰਟੀ ਦੇ ਜਾਬਤੇ ਵਿੱਚ ਰਹਿ ਕੇ ਦੇਸ਼ ਤੇ ਪਾਰਟੀ ਹਿਤ ਲਈ ਕੰਮ ਕਰਦਾ ਹੈ।ਪਾਰਟੀ ਨੂੰ ਅੱਜ ਉਸ ਵੇਲੇ ਹੋਰ ਹੱਲਾਸ਼ੇਰੀ ਮਿਲੀ, ਜਦੋਂ ਇਥੋਂ ਨੇੜਲੇ ਪਿੰਡ ਚੱਕ ਮਾਫੀ ਵਿਖੇ ਕਲਵਿੰਦਰ ਸਿੰਘ ਦਾ ਪਰਵਾਰ ਆਪਣੇ ਬਹੁਤ ਸਾਰੇ ਸਾਥੀਆਂ ਸਮੇਤ ਭਾਜਪਾ ਵਿੱਚ ਸ਼ਾਮਲ ਹੋਇਆ। ਇਹ ਜੁਆਇਨਿੰਗ ਅਨੂਪ ਸ਼ਰਮਾ ਜ਼ਿਲ੍ਹਾ ਪ੍ਰਧਾਨ ਭਾਜਪਾ ਖੰਨਾ ਦੀ ਅਗਵਾਈ ਹੇਠ ਹੋਈ।ਇਸ ਮੌਕੇ ਨੀਸ਼ੂ ਸ਼ਰਮਾ, ਭਾਜਪਾ ਆਗੂ ਹਲਕਾ ਸਮਰਾਲਾ ਤੇ ਬਿਕਰਮ ਭਨੋਟ, ਸਰਕਲ ਪ੍ਰਧਾਨ ਸਮਰਾਲਾ ਤੇ ਜਗੀ ਚਹਿਲਾਂ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਇਸ ਮੌਕੇ ਅਨੂਪ ਸ਼ਰਮਾ ਤੇ ਨੀਸ਼ੂ ਸ਼ਰਮਾ ਨੇ ਪਾਰਟੀ ਵਿੱਚ ਸ਼ਾਮਲ ਹੋਏ ਸਾਰੇ ਪਰਿਵਾਰਕ ਮੈਂਬਰਾਂ ਦਾ ਨਿੱਘਾ ਸਵਾਗਤ ਕੀਤਾ ਤੇ ਉਨ੍ਹਾਂ ਨੂੰ ਪਾਰਟੀ ਵਿੱਚ ਪੂਰਾ ਮਾਣ-ਸਤਿਕਾਰ ਦੇਣ ਦਾ ਭਰੋਸਾ ਦਿੱਤਾ।

## ਦਰਜਾਚਾਰ ਮੁਲਾਜ਼ਮਾਂ/ਸਫਾਈ ਸੇਵਕਾਂ ਦੀਆਂ ਮੰਗਾਂ ਸਬੰਧੀ ਸਿਵਲ ਸਰਜਨ ਨਾਲ ਮੀਟਿੰਗ

### ਸਾਂਝੀ ਤਾਲਮੇਲ ਕਮੇਟੀ ਵੱਲੋਂ ਹਰ ਸੰਘਰਸ਼ 'ਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ : ਰਾਣਵਾਂ, ਹਾਕਮ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸਿਵਲ ਹਸਪਤਾਲ ਮਾਲੇਰਕੋਟਲਾ ਵਿਖੇ ਲੰਮੇਂ ਸਮੇਂ ਤੋਂ ਕੰਮ ਕਰਦੇ ਸਫਾਈ ਸੇਵਕਾਂ/ਦਰਜਾਚਾਰ ਕਰਮਚਾਰੀਆਂ ਦੀਆਂ ਲਟਕ ਅਵਸਥਾ ਵਿੱਚ ਪਈਆਂ ਮੰਗਾਂ ਦੇ ਨਿਪਟਾਰੇ ਸਬੰਧੀ ਯੂਨੀਅਨ ਆਗੂਆਂ ਦੀ ਮੀਟਿੰਗ ਡਾ. ਅਮਨ ਸੂਦ ਸਿਵਲ ਸਰਜਨ ਮਾਲੇਰਕੋਟਲਾ ਨਾਲ ਸੁਖਾਵੇਂ ਮਹੌਲ ਵਿੱਚ ਹੋਈ। ਮੀਟਿੰਗ ਵਿੱਚ ਵਿਭਾਗ ਵੱਲੋਂ ਜਸਵੀਰ ਸਿੰਘ ਲੂੰਬਾ, ਬਿਕਰਮਜੀਤ ਸਿੰਘ ਸ਼ਾਮਲ ਸਨ। ਯੂਨੀਅਨ ਵੱਲੋਂ ਸੂਬਾ ਪਸਸਫ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਹਾਕਮ ਸਿੰਘ ਜਿਲਾ ਪ੍ਰਧਾਨ ਦੀ ਕਲਾਸ ਫੋਰ ਗੌ: ਇਪ: ਯੂਨੀਅਨ ਜ਼ਿਲ੍ਹਾ ਮਾਲੇਰਕੋਟਲਾ, ਪਲਵਿੰਦਰ ਸਿੰਘ ਕਾਲਾ ਸੁਪਰਵਾਈਜ਼ਰ, ਗੁਰਜੀਤ ਸਿੰਘ ਤੇ ਰਘਵੀਰ ਸਿੰਘ ਆਊਟ ਸੋਰਸ ਕਰਮਚਾਰੀ ਸ਼ਾਮਲ ਹੋਏ। ਮੁੱਖ ਮੰਗਾਂ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਐਕਟ 2026 ਸਨਮੁੱਖ ਆਊਟ ਸੋਰਸ ਸਫਾਈ ਸੇਵਕਾਂ/ਮੁਲਾਜ਼ਮਾਂ ਦਾ ਡਾਟਾ ਆਨਲਾਈਨ ਕਰਨਾ, ਪੰਜਾਬ ਸਰਕਾਰ, ਕਿਰਤ ਵਿਭਾਗ (ਕਿਰਤ ਸ਼ਾਖਾ) ਵੱਲੋਂ ਸਾਰੀਆਂ ਸਹੂਲਤਾਂ ਯਕੀਨੀ ਬਣਾਉਣਾ, ਤਨਖਾਹ ਸਮੇਂ ਸਿਰ ਯਕੀਨੀ ਬਣਾਉਣਾ, ਈ ਪੀ ਐੱਫ, ਈ ਐੱਸ ਆਈ ਯਕੀਨੀ ਬਣਾਉਣਾ, ਸਮੇਂ ਸਮੇਂ ਵਧੀਆਂ ਉਜ਼ਰਤਾਂ ਲਾਗੂ ਕਰਕੇ ਬਣਦੇ ਬਕਾਏ ਦੇਣਾ, ਪੁਰਾਣੇ ਠੇਕੇਦਾਰ ਵੱਲ ਬਕਾਇਆ ਦੁਆਉਣਾ, ਕਰਮਚਾਰੀਆਂ ਨੂੰ ਲੋੜੀਂਦਾ ਸਾਮਾਨ ਯਕੀਨੀ ਬਣਾਉਣਾ, ਕਰਮਚਾਰੀਆਂ ਦੀਆਂ ਨਜਾਇਜ਼ ਗੈਰ-ਹਾਜ਼ਰੀਆਂ ਬੰਦ ਕਰਨਾ, ਕੰਮ ਤੋਂ ਹਟਾਏ ਕਰਮਚਾਰੀ ਬਹਾਲ ਕੀਤੇ ਜਾਣ ਆਦਿ ਮੰਗਾਂ 'ਤੇ ਸਹਿਮਤੀ ਬਣੀ, ਇਸ ਲਈ ਜਥੇਬੰਦਕ ਸੰਘਰਸ਼ ਸ਼ੁਰੂ ਕਰਨ ਦਾ ਫੈਸਲਾ ਅਗਲੇ ਫੈਸਲੇ ਤੱਕ ਮੁਲਤਵੀ ਕੀਤਾ ਗਿਆ।ਇਹ ਵੀ ਫੈਸਲਾ ਕੀਤਾ ਕਿ ਪੰਜਾਬ ਸਰਕਾਰ ਨਾਲ ਪੈਂਡਿੰਗ ਮੰਗਾਂ ਲਈ ਸਾਂਝੀ ਤਾਲਮੇਲ ਕਮੇਟੀ ਵੱਲੋਂ ਉਲੀਕੇ ਐਕਸਨਾਂ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।

## ਹਡਾਣਾ ਵੱਲੋਂ ਵਾਰਡ ਨੰਬਰ 15 ਦੇ ਚੋਣ ਦਫ਼ਤਰ ਦਾ ਉਦਘਾਟਨ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਚੋਣ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਵੱਲੋਂ ਵਾਰਡ ਨੰਬਰ 15 ਤੋਂ ਪਾਰਟੀ ਉਮੀਦਵਾਰ ਪਰਵਿੰਦਰ ਕੌਰ ਦੇ ਚੋਣ ਦਫ਼ਤਰ ਦਾ ਰਸਮੀ ਉਦਘਾਟਨ ਕੀਤਾ ਗਿਆ।ਇਸ ਮੌਕੇ ਵਾਰਡ ਨਿਵਾਸੀਆਂ ਦਾ ਠਾਠਾਂ ਮਾਰਦਾ ਇਕੱਠ ਦੇਖਣ ਨੂੰ ਮਿਲਿਆ, ਜਿਸ ਨੇ ਚੋਣਾਂ ਤੋਂ ਪਹਿਲਾਂ ਹੀ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ 'ਤੇ ਆਪਣੀ ਮੋਹਰ ਲਗਾ ਦਿੱਤੀ ਹੈ।ਦਫ਼ਤਰ ਦੇ ਉਦਘਾਟਨ ਉਪਰੰਤ ਵਾਰਡ ਵਾਸੀਆਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਅੱਜ ਦੇ ਇਸ ਵਿਸ਼ਾਲ ਇਕੱਠ ਤੇ ਲੋਕਾਂ ਦੇ ਉਤਸ਼ਾਹ ਨੇ ਸਾਬਿਤ ਕਰ ਦਿੱਤਾ ਹੈ ਕਿ ਵਾਰਡ ਨੰਬਰ 15 ਦੇ ਵੋਟਰਾਂ ਨੇ ਪਰਵਿੰਦਰ ਕੌਰ ਨੂੰ ਜਿਤਾਉਣ ਦਾ ਮਨ ਬਣਾ ਲਿਆ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੇ ਸ਼ਹਿਰ ਦੇ ਹੋ ਰਹੇ ਸਰਬਪੱਖੀ ਵਿਕਾਸ ਤੋਂ ਹਰ ਵਰਗ ਪੂਰੀ ਤਰ੍ਹਾਂ ਸੰਤੁਸ਼ਟ ਹੈ।ਉਨ੍ਹਾਂ ਵਾਰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਲਾਕੇ ਦੇ ਹੋਰ ਬਿਹਤਰ ਵਿਕਾਸ ਤੇ ਬੁਨਿਆਦੀ ਸਹੂਲਤਾਂ ਲਈ ਪਰਵਿੰਦਰ ਕੌਰ ਨੂੰ ਵੱਡੀ ਲੀਡ ਨਾਲ ਜਿਤਾ ਕੇ ਕੌਂਸਲਰ ਬਣਾਉਣ।ਇਸ ਮੌਕੇ ਕੌਂਸਲਰ ਉਮੀਦਵਾਰ ਪਰਵਿੰਦਰ ਕੌਰ ਨੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਤੇ ਸਮੂਹ ਵਾਰਡ ਵਾਸੀਆਂ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਵਾਰਡ ਦੀ ਹਰ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਗੇ ਤੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨਗੇ।ਇਸ ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ, ਅਹੁਦੇਦਾਰ, ਵਲੰਟੀਅਰ ਤੇ ਵਾਰਡ ਨੰਬਰ 15 ਦੇ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਤੇ ਇਲਾਕਾ ਨਿਵਾਸੀ ਹਾਜ਼ਰ ਸਨ।

## ਸੀਨੀਅਰ ਸਿਟੀਜ਼ਨਾਂ ਲਈ ਮੁਫ਼ਤ ਸੁਣਨ ਵਾਲੀਆਂ ਮਸ਼ੀਨਾਂ ਦਾ ਵਿਸ਼ੇਸ਼ ਸੇਵਾ ਕੈਂਪ 27 ਨੂੰ

**ਫ਼ਰੀਦਕੋਟ (ਨਵਾਂ ਜ਼ਮਾਨਾ ਬਿਊਰੋ)**-ਆਮ ਆਦਮੀ ਪਾਰਟੀ ਪੰਜਾਬ ਦੇ ਟਰੇਡ ਵਿੰਗ ਦੇ ਸਟੇਟ ਵਾਈਸ ਪ੍ਰੈਜ਼ੀਡੈਂਟ ਤੇ ਉੱਘੇ ਸਮਾਜ ਸੇਵੀ ਅਰਸ਼ ਸੱਚਰ ਨੇ ਦੱਸਿਆ ਕਿ ਐਲਿਮਕੋ ਦੇ ਸਹਿਯੋਗ ਨਾਲ 27 ਨਵੰਬਰ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਰੈੱਡ ਕਰਾਸ ਭਵਨ ਸਾਦਿਕ ਚੌਕ ਫ਼ਰੀਦਕੋਟ ਵਿਖੇ ਸੀਨੀਅਰ ਸਿਟੀਜ਼ਨਾਂ ਲਈ ਬਿਲਕੁਲ ਮੁਫ਼ਤ ਸੁਣਨ ਵਾਲੀਆਂ ਮਸ਼ੀਨਾਂ ਦਾ ਵਿਸ਼ੇਸ਼ ਸੇਵਾ ਕੈਂਪ ਲਗਾਇਆ ਜਾ ਰਿਹਾ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਰਸ਼ ਸੱਚਰ ਨੇ ਸਪੱਸ਼ਟ ਕੀਤਾ ਕਿ ਇਹ ਕੈਂਪ ਪੂਰੀ ਤਰ੍ਹਾਂ ਨਿਸ਼ੁਲਕ ਹੈ ਤੇ ਕਿਸੇ ਵੀ ਲੋੜਵੰਦ ਬਜ਼ੁਰਗ ਤੋਂ ਕੋਈ ਫੀਸ ਨਹੀਂ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਉਪਰਾਲੇ ਦਾ ਮੁੱਖ ਮਕਸਦ ਸੁਣਨ ਦੀ ਸਮੱਸਿਆ ਨਾਲ ਜੂਝ ਰਹੇ ਬਜ਼ੁਰਗਾਂ ਨੂੰ ਸਹਾਇਤਾ ਦੇ ਕੇ ਉਨ੍ਹਾਂ ਦੀ ਜ਼ਿੰਦਗੀ ਨੂੰ ਸੁਖਾਲਾ ਬਣਾਉਣਾ ਹੈ, ਤਾਂ ਜੋ ਆਰਥਿਕ ਤੰਗੀ ਕਾਰਨ ਕੋਈ ਵੀ ਬਜ਼ੁਰਗ ਇਸ ਸਹੂਲਤ ਤੋਂ ਵਾਂਝਾ ਨਾ ਰਹੇ।ਅਰਸ਼ ਸੱਚਰ ਨੇ ਐਲਿਮਕੋ ਦੇ ਸਹਿਯੋਗ ਦੀ ਸ਼ਲਾਘਾ ਕਰਦਿਆਂ ਇਲਾਕਾ ਨਿਵਾਸੀਆਂ ਨੂੰ ਇਸ ਕੈਂਪ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕੀਤੀ।

## ਪੀ ਜੀ ਆਈ ਨੇ ਦਿਲ ਦੇ ਵਾਲਵ ਟ੍ਰਾਂਸਪਲਾਂਟ ਨੂੰ ਦਿੱਤਾ ਸਫਲਤਾਪੂਰਵਕ ਅੰਜਾਮ



**ਸਮਰਾਲਾ (ਸੁਰਜੀਤ ਸਿੰਘ)**-ਉੱਨਤ ਦਿਲ ਦੀ ਚਿਕਿਤਸਾ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਉਪਲਬਧੀ ਹਾਸਲ ਕਰਦਿਆਂ ਪੀਜੀਆਈ ਚੰਡੀਗੜ੍ਹ ਦੇ ਡਾਕਟਰਾਂ ਨੇ ਗੰਭੀਰ ਏਓਰਟਿਕ ਸਟੈਨੋਸਿਸ (ਮਹਾਂਧਮਨੀ ਵਾਲਵ ਦੇ ਗੰਭੀਰ ਸੁੰਗੜਨ) ਤੋਂ ਪੀੜਤ 74 ਸਾਲਾ ਔਰਤ ਦਾ ਜਟਿਲ ਟ੍ਰਾਂਸਕੈਥੀਟਰ ਏਓਰਟਿਕ ਵਾਲਵ ਇੰਪਲਾਂਟੇਸ਼ਨ ਸਫਲਤਾਪੂਰਵਕ ਕੀਤਾ। ਇਸ ਪ੍ਰਕਿਰਿਆ ਦਾ ਇਸ ਸਾਲ 13-14 ਨਵੰਬਰ ਨੂੰ ਹੈਦਰਾਬਾਦ ਵਿੱਚ ਆਯੋਜਿਤ ਦਿਲ ਦੇ ਵਾਲਵ ਸੰਬੰਧੀ ਉੱਨਤ ਪ੍ਰਕਿਰਿਆਵਾਂ 'ਤੇ ਕੇਂਦਰਿਤ ਰਾਸ਼ਟਰੀ ਸਾਲਾਨਾ ਸੰਮੇਲਨ 'ਹੈਦਰਾਬਾਦ ਵਾਲਵਜ਼ 2026' ਵਿੱਚ ਸਿੱਧਾ ਪ੍ਰਸਾਰਣ ਕੀਤਾ ਗਿਆ। ਦੋ ਦਿਨਾਂ ਇਸ ਵਿਗਿਆਨਕ ਸੰਮੇਲਨ ਵਿੱਚ ਦੇਸ਼-ਵਿਦੇਸ਼ ਦੇ ਪ੍ਰਮੁੱਖ ਮੈਡੀਕਲ ਕੇਂਦਰਾਂ ਵੱਲੋਂ ਕੀਤੀਆਂ ਗਈਆਂ ਟ੍ਰਾਂਸਕੈਥੀਟਰ ਦਿਲ ਦੀਆਂ ਪ੍ਰਕਿਰਿਆਵਾਂ ਦਾ ਲਾਈਵ ਪ੍ਰਸਾਰਣ ਕੀਤਾ ਗਿਆ, ਜਿਸ ਵਿੱਚ ਉੱਤਰੀ ਭਾਰਤ ਦੀ ਨੁਮਾਇੰਦਗੀ ਕਰਦਿਆਂ ਪੀਜੀਆਈ ਵੀ ਸ਼ਾਮਲ ਰਿਹਾ। ਪੀਜੀਆਈ ਦੇ ਕਾਰਡੀਓਲੋਜੀ ਵਿਭਾਗ ਦੇ ਪ੍ਰੋ. ਡਾ. ਰਾਜੇਸ਼ ਵਿਜੇਵਰਗੀਏ ਨੇ ਦੱਸਿਆ ਕਿ ਮਰੀਜ਼ ਲੰਬੇ ਸਮੇਂ ਤੋਂ ਬਹੁਤ ਜ਼ਿਆਦਾ ਸਾਹ ਫੁੱਲਣ ਤੇ ਦਿਲ ਦੀ ਗਤੀ ਰੁਕਣ (ਹਾਰਟ ਫੇਲ੍ਹੀਅਰ) ਕਾਰਨ ਵਾਰ-ਵਾਰ ਹਸਪਤਾਲ ਵਿੱਚ ਦਾਖਲ ਹੋਣ ਦੀ ਸਮੱਸਿਆ ਨਾਲ ਜੂਝ ਰਹੀ ਸੀ। ਇਸ ਦਾ ਮੁੱਖ ਕਾਰਨ ਉਸ ਦੇ ਏਓਰਟਿਕ ਵਾਲਵ ਦਾ ਗੰਭੀਰ ਰੂਪ ਨਾਲ ਸੁੰਗੜਨਾ ਸੀ। ਪ੍ਰੋ. ਵਿਜੇਵਰਗੀਏ ਦੀ ਅਗਵਾਈ ਵਿੱਚ ਇੱਕ ਬਹੁ-ਵਿਸ਼ਈ ਟੀਮ ਨੇ ਇਹ ਪ੍ਰਕਿਰਿਆ ਸੰਪੰਨ ਕੀਤ

# 'ਯੁੱਧ ਨਸ਼ਿਆ ਵਿਰੁੱਧ' ਸੰਬੰਧੀ ਮੀਟਿੰਗ



**ਬਟਾਲਾ (ਤਰਲੋਕ ਬੱਗਾ)** ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਯੁੱਧ ਨਸ਼ਿਆ ਵਿਰੁੱਧ ਅਧੀਨ ਐਸ ਐਸ ਪੀ ਬਟਾਲਾ ਡਾਕਟਰ ਮਹਿਤਾਬ ਸਿੰਘ ਆਈ ਪੀ ਐਸ ਦੀ ਅਗਵਾਈ ਹੇਠ ਸ਼ਿਵ ਆਡੀਟੋਰੀਅਮ ਬਟਾਲਾ ਵਿਖੇ ਆਮ ਲੋਕਾਂ ਨਾਲ ਤਾਲ ਮੇਲ ਵਧਾਉਣ ਲਈ ਇੱਕ ਵਿਸ਼ੇਸ਼ ਸੰਪਰਕ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਆਏ ਹੋਏ ਇਲਾਕਾ ਨਿਵਾਸੀਆਂ ਨੂੰ ਐਸ ਐਸ ਪੀ ਵੱਲੋਂ ਨਸ਼ਿਆ ਦੇ ਖਾਤਮੇ ਲਈ ਚੁੱਕੇ ਜਾ ਰਹੇ ਅਹਿਮ ਕਦਮਾਂ ਬਾਰੇ ਵਿਸਤਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਨਸ਼ਿਆ ਦੀ ਵਰਤੋਂ ਨਾਲ ਸਰੀਰਕ ਮਾਨਸਿਕ ਅਤੇ ਸਮਾਜਿਕ ਤੌਰ 'ਤੇ ਹੋਣ ਵਾਲੇ ਗੰਭੀਰ ਨੁਕਸਾਨਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ। ਨਸ਼ੇ ਦੀ ਦਲਦਲ ਵਿੱਚ ਫਸੇ ਲੋਕਾਂ ਦਾ ਨਸ਼ਾ ਛਡਾਉਣ ਅਤੇ ਉਹਨਾਂ ਦੇ ਮੁੜ ਵਸੇਬੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਦੱਸਿਆ ਗਿਆ। ਨਸ਼ਾ ਤਸਕਰਾਂ ਸੰਬੰਧੀ ਸੂਚਨਾ ਮੁਹਾਇਆ ਕਰਵਾਉਣ ਲਈ ਕੀਤੇ ਗਏ ਟੋਲ ਫ੍ਰੀ ਨੰਬਰ ਦੀ ਜਾਣਕਾਰੀ ਸਾਂਝੀ ਕੀਤੀ ਗਈ।

ਇਸ ਤੋਂ ਇਲਾਵਾ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਬਿਨਾ ਕਿਸੇ ਡਰ ਦੇ ਪੁਲਸ ਅਫ਼ਸਰਾਂ ਦੇ ਧਿਆਨ ਵਿੱਚ ਲਿਆ ਕੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰਵਾਉਣ ਅਤੇ ਆਪਣਾ ਪੂਰਨ ਸਹਿਯੋਗ ਦੇਣ।

# ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੇ ਵਿਦਿਆਰਥੀਆਂ ਨੂੰ ਡਿਬੇਟ ਮੁਕਾਬਲੇ 'ਚ ਪਹਿਲਾ ਸਥਾਨ



**ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)**- ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਗੋਇੰਦਵਾਲ ਸਾਹਿਬ ਲਈ ਇਹ ਬੜੇ ਮਾਣ ਅਤੇ ਖੁਸ਼ੀ ਦੀ ਗੱਲ ਹੈ ਕਿ ਸੰਸਥਾ ਦੇ ਹੋਣਹਾਰ ਵਿਦਿਆਰਥੀਆਂ ਤਨਗੀਤ ਕੌਰ (ਜਮਾਤ ਗਿਆਰ੍ਹਵੀਂ) ਅਤੇ ਅਮਰਨੂਰ ਸਿੰਘ (ਜਮਾਤ ਬਾਰ੍ਹਵੀਂ) ਨੇ ਅੰਮ੍ਰਿਤਸਰ ਕਾਲਜ ਆਫ਼ ਇੰਜੀਨੀਅਰਿਗ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕਰਵਾਏ ਗਏ ਰਾਜ ਪੱਧਰੀ ਪ੍ਰੋਗਰਾਮ 'ਫਿਊਜ਼ਨ-2026' ਵਿੱਚ ਡਿਬੇਟ ਮੁਕਾਬਲੇ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਪ੍ਰਾਪਤ ਕੀਤਾ।'ਫਿਊਜ਼ਨ-2026' ਇੱਕ ਰਾਜ ਪੱਧਰੀ ਪ੍ਰੋਗਰਾਮ ਸੀ, ਜਿਸ ਵਿੱਚ ਵਿਦਿਆਰਥੀਆਂ ਨੂੰ ਆਪਣੀ ਬੌਧਿਕ ਯੋਗਤਾ, ਵਿਚਾਰ ਪ੍ਰਗਟਾਉਣ ਦੇ ਹੁਨਰ ਅਤੇ ਤਰਕਸ਼ੀਲ ਸੋਚ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਮਿਲਿਆ। ਦੋਵਾਂ ਵਿਦਿਆਰਥੀਆਂ ਨੇ ਆਪਣੀ ਪ੍ਰਭਾਵਸ਼ਾਲੀ ਪੇਸ਼ਕਾਰੀ ਰਾਹੀਂ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ। ਉਨ੍ਹਾਂ ਦੀ ਮਿਹਨਤ ਅਤੇ ਅਧਿਆਪਕਾ ਭਾਨੂ ਮਹਿਰਾ ਦੀ ਯੋਗ ਅਗਵਾਈ ਨੇ ਇਸ ਸਫ਼ਲਤਾ ਵਿੱਚ ਅਹਿਮ ਭੂਮਿਕਾ ਨਿਭਾਈ।ਇਸ ਪ੍ਰੋਗਰਾਮ ਵਿੱਚ ਸ੍ਰੀਮਤੀ ਬਲਵਿੰਦਰ ਕੌਰ, ਪ੍ਰਿੰਸੀਪਲ, ਬੀ.ਡੀ. ਐੱਸ. ਡੇਅ ਬੋਰਡਿੰਗ ਸੀਨੀਅਰ ਸੈਕੰਡਰੀ ਸਕੂਲ, ਜੰਡਿਆਲਾ ਗੁਰੂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਕਾਲਜ ਦੇ ਪ੍ਰਿੰਸੀਪਲ ਡਾ. ਗੰਰਵ ਤੇਜਪਾਲ ਵੀ ਇਸ ਮੌਕੇ ਮੌਜੂਦ ਸਨ। ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਪ੍ਰਿੰਸੀਪਲ ਸ੍ਰੀਮਤੀ ਮਨੀਸ਼ਾ ਸੂਦ ਨੇ ਜੇਤੂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਤਰਕਸ਼ੀਲ ਸੋਚ ਅਤੇ ਸੰਚਾਰ ਦੇ ਹੁਨਰ ਵਿਕਸਿਤ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

# ਸ਼ੈਰੀ ਕਲਸੀ ਨੇ ਹਾਈ ਮਾਸਟ ਲਾਈਟਾਂ ਬਟਾਲਾ ਵਾਸੀਆਂ ਨੂੰ ਕੀਤੀਆਂ ਸਮਰਪਤ

**ਬਟਾਲਾ (ਤਰਲੋਕ ਬੱਗਾ, ਡਾ. ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸ਼ਿੰਘ ਸੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਨੂੰ ਖੂਬਸੂਰਤ ਬਣਾਉਣ ਅਤੇ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਲਈ ਖਾਸ ਉਪਰਾਲੇ ਕੀਤੇ ਗਏ ਹਨ, ਜਿਸ ਦੇ ਚੱਲਦਿਆਂ ਉਨ੍ਹਾਂ ਵੱਲੋਂ ਵਾਰਡ ਨੰਬਰ 26, ਕਾਜੀਮੋਰੀ ਚੌਕ ਵਿਖੇ ਹਾਈ ਮਾਸਟ ਲਾਈਟਾਂ ਬਟਾਲਾ ਵਾਸੀਆਂ ਨੂੰ ਸਮਰਪਤ ਕੀਤੀਆਂ ਗਈਆਂ। ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ, ਮੇਅਰ ਭੁਪਿੰਦਰ ਸਿੰਘ ਬਾਜਵਾ, ਚੇਅਰਮੈਨ ਮਾਨਿਕ ਮਹਿਤਾ, ਅਮਿਤ ਸੋਢੀ, ਸੀਨੀਅਰ ਆਗੂ ਪਰਦੀਪ ਕੁਮਾਰ ਅਤੇ ਵਾਰਡ ਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਬਟਾਲਾ ਸ਼ਹਿਰ ਵਾਸੀਆਂ, ਇਥੋਂ ਦੇ ਵਸਨੀਕਾਂ, ਦੁਕਾਨਦਾਰਾਂ ਅਤੇ ਰਾਹੀਗਰਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਕਾਜੀਮੋਰੀ ਚੌਕ ਵਿਖੇ ਹਾਈ ਮਾਸਟ ਲਾਈਟਾਂ ਲੋਕ ਸਮਰਪਤ ਕੀਤੀਆਂ ਗਈਆਂ ਹਨ, ਜਿਸ ਨਾਲ ਲੋਕਾਂ ਨੂੰ ਆਵਾਜਾਈ ਦੌਰਾਨ ਵੱਡੀ ਰਾਹਤ ਮਿਲੇਗੀ। ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਨੂੰ ਹੋਰ ਖੂਬਸੂਰਤ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਪਾਰਦਰਸ਼ੀ ਢੰਗ ਨਾਲ ਵਿਕਾਸ ਕੰਮ ਤੇਜ਼ ਗਤੀ ਨਾਲ ਚੱਲ ਰਹੇ ਹਨ। ਉਨ੍ਹਾਂ ਦੱਸਿਆ ਕਿ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕੰਮ ਬਿਨਾਂ ਪੱਖਪਾਤ ਦੇ ਕਰਵਾਏ ਜਾ ਰਹੇ ਹਨ। ਸ਼ਹਿਰ ਅੰਦਰ ਚੌਕਾਂ ਨੂੰ ਚੌੜਾ ਕਰਕੇ ਖੂਬਸੂਰਤ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਹੀਦ ਭਾਈ ਸੁੱਖਾ ਸਿੰਘ ਭਾਈ



ਮਹਿਤਾਬ ਦੀ ਯਾਦ ਵਿੱਚ ਉਸਾਰੇ ਨਵੇਂ ਚੌਕ ਦਾ ਉਦਘਾਟਨ ਕਰਕੇ ਲੋਕ ਸਮਰਪਤ ਕੀਤਾ ਗਿਆ ਹੈ। ਇਸ ਚੌਕ ਵਿੱਚ ਸ਼ਾਨਦਾਰ ਲਾਈਟਾਂ ਵੀ ਲਗਾਈਆਂ ਗਈਆਂ ਹਨ। ਇਸ ਤੋਂ ਪਹਿਲਾਂ ਵੀ ਸ਼ਹੀਦ ਭਗਤ ਸਿੰਘ ਚੌਕ ਅਗਰਸੈਨ ਚੌਕ ਆਦਿ ਦੀ ਉਸਾਰੀ ਕੀਤੀ ਜਾ ਚੁੱਕੀ ਹੈ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ਼ ਬਟਾਲੇ ਦਾ ਸਰਬਪੱਖੀ ਵਿਕਾਸ ਕਰਵਾਉਣਾ ਤੇ ਦਹਾਕਿਆਂ ਤੋਂ ਮੁਸ਼ਕਿਲਾਂ ਨਾਲ ਜੂਝ ਰਹੇ ਸ਼ਹਿਰ ਵਾਸੀਆਂ ਦੀਆਂ ਮੁਸ਼ਕਲਾਂ ਦਾ ਨਿਪਟਾਰਾ ਕਰਨਾ ਹੈ । ਇਸ ਮੌਕੇ ਸ਼ਹਿਰ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕੀਤਾ।

# 4 ਵੱਖ-ਵੱਖ ਨਸ਼ਾ ਤਸਕਰ ਕੀਤੇ ਕਾਬੂ, ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਸਦਰ ਗੁਰਦਾਸਪੁਰ ਦੇ ਏ.ਐਸ.ਆਈ. ਸਤਿੰਦਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਸੂਆ ਪੁਲੀ ਅਮੀਪੁਰ ਤੋਂ ਦਾਨੀਅਲ ਉਰਫ ਦਾਨੀ ਪੁੱਤਰ ਬਿੱਟੂ ਮਸੀਹ ਵਾਸੀ ਅਮੀਪੁਰ ਜੋ ਲੁਕ-ਛਿਪ ਕੇ ਨਸ਼ੇ ਦਾ ਸੇਵਨ ਕਰ ਰਿਹਾ ਸੀ, ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ, ਜਿਸ ਪਾਸੋਂ ਇੱਕ ਸਿਲਵਰ ਪੇਪਰ ਲਾਇਟਰ ਅਤੇ 10 ਰੁਪਏ ਦਾ ਨੋਟ ਬ੍ਰਾਮਦ ਹੋਇਆ। ਇਸੇ ਤਰ੍ਹਾਂ ਥਾਣਾ ਧਾਰੀਵਾਲ ਤਫਤੀਸੀ ਅਫ਼ਸਰ ਮੋਨਾ ਨੇ ਸਮੇਤ ਪੁਲਸ ਪਾਰਟੀ ਪੁਆਇੰਟ ਡੇਰਾਗੀਵਾਲ ਦਰੋਗਾ ਤੋਂ ਸਤਿੰਦਰ ਸਿੰਘ ਪੁੱਤਰ ਹਰਜਿੰਦਰ ਸਿੰਘ, ਗੁਰਦਿਆਲ ਚੰਦ ਪੁੱਤਰ ਗੁਲਜਾਰੀ ਲਾਲ ਵਾਸੀ ਜਾਪੂਵਾਲ ਜੋ ਝਾੜੀਆਂ ਵਿਚ ਲੁਕ-ਛਿਪ ਕੇ ਨਸ਼ੇ ਦਾ ਸੇਵਨ ਕਰ ਰਹੇ ਸਨ, ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ ਤਾਂ ਉਨ੍ਹਾਂ ਪਾਸੋਂ ਇਕ ਸਿਲਵਰ ਪੇਪਰ, ਲਾਇਟਰ ਅਤੇ 10 ਰੁਪਏ ਦਾ ਨੋਟ ਬ੍ਰਾਮਦ ਹੋਇਆ। ਇਸੇ ਤਰ੍ਹਾਂ ਥਾਣਾ ਪੁਰਾਣਾ ਸ਼ਾਲਾ ਦੇ ਏ.ਐਸ.ਆਈ. ਅਜੈਪਾਲ ਸਿੰਘ ਨੇ ਸਮੇਤ ਪੁਲਸ ਪਾਰਟੀ ਦਾਣਾ ਮੰਡੀ ਕਲਾਨੌਰ ਤੋਂ ਸੂਰਜ ਹੱਲਦਰ ਪੁੱਤਰ ਬਬਲੂ ਹੱਲਦਰ ਵਾਸੀ ਬੇਗੀਆਂ ਮੁਹੱਲਾ ਦੀਨਾ ਨਗਰ ਜੋ ਲੁਕ-ਛਿਪ ਕੇ ਨਸ਼ੇ ਦਾ ਸੇਵਨ ਕਰ ਰਿਹਾ ਸੀ, ਨੂੰ ਕਾਬੂ ਕਰਕੇ ਉਸ ਪਾਸੋਂ ਸਿਲਵਰ ਪੇਪਰ ਲਾਇਟਰ ਅਤੇ 10 ਰੁਪਏ ਦਾ ਨੋਟ ਬਰਾਮਦ ਕੀਤਾ। ਪੁਲਸ ਨੇ ਉਕਤ ਨਸ਼ਾ ਤਸਕਰਾਂ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਖਾਟੂ ਸ਼ਿਆਮ ਦੇ ਪ੍ਰਕਾਸ਼ ਉਤਸਵ 'ਤੇ ਵਿਸ਼ਾਲ ਭੰਡਾਰਾ



**ਅੰਮ੍ਰਿਤਸਰ (ਅਰੋੜਾ)**- ਅੰਮ੍ਰਿਤਸਰ ਦੇ ਖੰਡਵਾਲਾ ਚੌਕ ਵਿਖੇ ਸਮਾਜ ਸੇਵਕ ਪ੍ਰਦੀਪ ਕੁਮਾਰ ਸੰਨੀ, ਅਰੁਣ ਕੁਮਾਰ ਬਾਂਕਾ ਆਦਿ ਦੀ ਦੇਖ-ਰੇਖ ਹੇਠ ਖਾਟੂ ਸ਼ਿਆਮ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਦੇ ਮੌਕੇ ਵਿਸ਼ਾਲ ਭੰਡਾਰੇ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਸਮਾਜ ਸੇਵਕ ਐਡਵੋਕੇਟ ਅਰਵੀਨ ਭਕਨਾ ਅਤੇ ਵਰਿੰਦਰ ਕੁਮਾਰ ਫੂਲ ਖਾਸ ਤੌਰ 'ਤੇ ਸ਼ਾਮਲ ਹੋਏ।

ਉਨ੍ਹਾਂ ਸੰਗਤ ਨੂੰ ਭੰਡਾਰਾ ਵਰਤਾਇਆ। ਹਜ਼ਾਰਾਂ ਦੀ ਗਿਣਤੀ ਵਿੱਚ ਇਲਾਕੇ ਦੇ ਦੁਕਾਨਦਾਰਾਂ ਅਤੇ ਰਾਹਗੀਰਾਂ ਨੇ ਭੰਡਾਰੇ ਦਾ ਪ੍ਰਸ਼ਾਦ ਗ੍ਰਹਿਣ ਕਰਕੇ ਭਗਵਾਨ ਸ੍ਰੀ ਖਾਟੂ ਸ਼ਿਆਮ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸ਼ੈਵੀ ਪਹਿਲਵਾਨ, ਅਮਨ ਕੁਮਾਰ, ਹਨੀ, ਨੀਟਾ ਪਹਿਲਵਾਨ, ਸੰਜੀਵ ਕੁਮਾਰ, ਭਜਨ ਸਿੰਘ, ਦੀਪਕ ਕੁਮਾਰ ਦੀਪੂ, ਜਾਫ਼ਰ ਸਲਮਾਨ, ਨੰਹਾ, ਪ੍ਰੀਤ, ਕ੍ਰਿਸ਼, ਵਿਵੇਕ, ਪੱਪੂ ਭਗਤ, ਟਿੱਕੀ ਪ੍ਰਧਾਨ, ਵਿਜੇ ਸਮੇਤ ਭਾਰੀ ਗਿਣਤੀ ਵਿੱਚ ਇਲਾਕੇ ਦੇ ਪਤਵੰਤੇ ਮੌਜੂਦ ਸਨ। ਭੰਡਾਰੇ ਦੇ ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨਾਂ ਨੂੰ ਸਿਰੋਪੇ ਦੇ ਕੇ ਸਨਮਾਨਤ ਵੀ ਕੀਤਾ ਗਿਆ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਬੱਚਿਆਂ ਨੂੰ ਧਾਰਮਿਕ ਪ੍ਰੀਖਿਆਵਾਂ 'ਚ ਸਥਾਨ ਹਾਸਲ

**ਪੱਟੀ (ਬਲਦੇਵ ਸਿੰਘ ਸੰਧੂ ਕਿਰਤੋਵਾਲ)**- ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਪੱਟੀ ਦੇ ਵਿਦਿਆਰਥੀਆਂ ਵੱਲੋਂ ਸਮੇਂ ਸਮੇਂ 'ਤੇ ਧਾਰਮਿਕ ਸੰਸਥਾਵਾਂ ਵੱਲੋਂ ਕਰਵਾਈਆਂ ਜਾਂਦੀਆਂ ਧਾਰਮਿਕ ਪ੍ਰੀਖਿਆਵਾਂ ਵਿੱਚ ਵੱਡੀ ਗਿਣਤੀ ਵਿੱਚ ਭਾਗ ਲਿਆ ਜਾਂਦਾ ਹੈ। ਅਗਸਤ 2026 ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਨੈਤਿਕ ਸਿੱਖਿਆ ਇਮਤਿਹਾਨ ਵੱਖ ਵੱਖ ਸਕੂਲਾਂ ਵਿੱਚ ਲਿਆ ਗਿਆ। ਇਸ ਇਮਤਿਹਾਨ ਵਿੱਚ ਸਕੂਲ ਦੇ ਲਗਭਗ 77 ਬੱਚਿਆਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ ਮਨਤਾਜ ਸਿੰਘ (ਅੱਠਵੀਂ ਏ) ਦੇ ਵਿਦਿਆਰਥੀ ਨੇ ਤਰਨ ਤਾਰਨ ਅਤੇ ਅੰਮ੍ਰਿਤਸਰ ਜ਼ੋਨ ਵਿੱਚੋਂ ਦੂਸਰਾ ਸਥਾਨ ਹਾਸਲ ਕੀਤਾ। ਜਿਸ ਨੂੰ ਨਗਦ ਰਾਸ਼ੀ 1500 ਰੁਪਏ ਅਤੇ ਪ੍ਰਭਾਵਸ਼ਾਲੀ ਸ਼ੀਲਡ ਦੇ ਕੇ ਸਨਮਾਨਤ ਕੀਤਾ ਗਿਆ। ਇਸ ਦੇ ਨਾਲ ਹੀ 9 ਬੱਚਿਆਂ ਨੇ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਹਾਸਲ ਕੀਤਾ, 6 ਬੱਚਿਆਂ ਨੂੰ ਵਿਸ਼ੇਸ਼ ਅਤੇ 11 ਬੱਚਿਆਂ ਨੂੰ ਮੈਡਲ, ਸ਼ੀਲਡਾਂ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਸਟੱਡੀ ਸਰਕਲ ਪੱਟੀ ਵੱਲੋਂ ਉਚੇਚੇ ਤੌਰ 'ਤੇ ਪਹੁੰਚੇ ਭਾਈ ਹਰਜਿੰਦਰ ਸਿੰਘ ਮਾਣਕਪੁਰ ਅਤੇ ਪ੍ਰਚਾਰਕ ਭਾਈ ਬਿਕਰਮਜੀਤ ਸਿੰਘ ਨੇ ਬੱਚਿਆਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਹ ਮਨੁੱਖ 'ਤੇ ਨਿਰਭਰ ਹੈ ਕਿ ਉਸ ਨੇ ਆਪਣੇ ਜੀਵਨ ਦੀ ਘਾੜਤ ਕਿਵੇਂ ਦੀ ਘੜਨੀ ਹੈ। ਸਕੂਲ ਦੇ ਵਾਈਸ ਪ੍ਰਿੰਸੀਪਲ ਮੈਡਮ ਨੀਰੂ ਸ਼ਰਮਾ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਪ੍ਰਿੰਸੀਪਲ ਜਸਬੀਰ ਕੌਰ ਸੈਣੀ ਨੇ ਜੇਤੂ ਬੱਚਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਉਹਨਾਂ ਅਤੇ ਅਧਿਆਪਕ ਸਾਹਿਬਾਨ ਦੀ ਮਿਹਨਤ ਦਾ ਨਤੀਜਾ ਹੈ। ਸਕੂਲ ਵਿੱਚ ਦੁਨਿਆਵੀ ਵਿੱਦਿਆ ਦੇ ਨਾਲ ਨਾਲ ਧਾਰਮਿਕ ਪੱਖ ਤੋਂ ਬੱਚਿਆਂ ਦਾ ਜੀਵਨ ਵਿਕਸਿਤ ਕਰਨ ਲਈ ਸਮੇਂ ਸਮੇਂ ਤੇ ਯਤਨ ਕੀਤੇ ਜਾਂਦੇ ਹਨ। ਸਾਨੂੰ ਮਾਣ ਹੈ ਸਕੂਲ ਦੇ ਧਾਰਮਿਕ ਵਿੰਗ ਦੇ ਇੰਚਾਰਜ ਜਗਜੀਤ ਸਿੰਘ ਅਤੇ ਉਨਾਂ ਦੀ ਟੀਮ 'ਤੇ ਜਿਹੜੇ ਬੱਚਿਆਂ ਨੂੰ ਬੁਲੰਦੀਆਂ ਤੇ ਪਹੁੰਚਾਉਣ ਵਿੱਚ ਯਤਨਸ਼ੀਲ ਰਹਿੰਦੇ ਹਨ। ਸਕੂਲ ਦੇ ਮੈਂਬਰ ਇੰਚਾਰਜ ਗੁਰਬੀਰ ਸਿੰਘ ਢਿੱਲੋਂ, ਤਰਲੋਕ ਸਿੰਘ ਅਤੇ ਸਰਬਜੀਤ ਸਿੰਘ ਵੱਲੋਂ ਵੀ ਜੇਤੂ ਬੱਚਿਆਂ, ਮਾਪਿਆਂ ਅਤੇ ਧਾਰਮਿਕ ਅਧਿਆਪਕਾਂ ਨੂੰ ਇਸ ਸਫਲਤਾ ਦੇ ਲਈ ਵਧਾਈ ਦਿੰਦਿਆਂ ਬੱਚਿਆਂ ਨੂੰ ਆਪਣੇ ਮਹਾਨ ਵਿਰਸੇ ਨਾਲ ਜੁੜਨ ਦੇ ਲਈ ਪ੍ਰੇਰਿਤ ਕੀਤਾ। ਸਕੂਲ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਗੀਤ ਅਧਿਆਪਕ ਬਹਾਲ ਸਿੰਘ, ਮੈਡਮ ਹਰਜੋਤ ਕੌਰ, ਸੁਪਰਵਾਈਜ਼ਰ ਕਰਮਜੀਤ ਕੌਰ, ਪਰਦੀਪ ਕੌਰ, ਰੁਪਿੰਦਰ ਕੌਰ ਨੰਦਾ, ਰਣਜੀਤ ਕੌਰ, ਹਰਪ੍ਰੀਤ ਕੌਰ ਚੀਮਾ ਅਤੇ ਮੈਡਮ ਵੰਦਨਾ ਹਾਜ਼ਰ ਸਨ।

# ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੇਂਦਰੀ ਜੇਲ੍ਹ ਗੁਰਦਾਸਪੁਰ ਦਾ ਦੌਰਾ

**ਗੁਰਦਾਸਪੁਰ (ਜਨਕ ਮਹਾਜਨ)**- ਹਰਬੰਸ ਸਿੰਘ ਲੇਖੀ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵੱਲੋਂ ਕੇਂਦਰੀ ਜੇਲ੍ਹ ਗੁਰਦਾਸਪੁਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਹਨਾਂ ਨਾਲ



ਹਰਪ੍ਰੀਤ ਸਿੰਘ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵੀ ਮੌਜੂਦ ਸੀ। ਇਸ ਦੌਰੇ ਦੌਰਾਨ ਉਨ੍ਹਾਂ ਜੇਲ੍ਹ ਪ੍ਰਬੰਧ ਦਾ ਜਾਇਜ਼ਾ ਲਿਆ ਅਤੇ ਹਵਾਲਾਤੀਆਂ ਅਤੇ ਕੈਦੀਆਂ ਨੂੰ ਮੁਹੱਈਆ ਕਰਵਾਈ

## ਇਸ਼ਮਾਨ ਭੁੱਲਰ ਨੇ ਨੌਵੇਂ ਵਰ੍ਹੇ 'ਚ ਲਿਖੀ ਬਾਲ ਪੁਸਤਕ 'ਦ ਗਰੇਟ ਜਰਨੀ'



**ਬਠਿੰਡਾ (ਬਖਤੌਰ ਢਿੱਲੋਂ)**-ਬਠਿੰਡਾ ਵਾਸੀ ਇਸ਼ਮਾਨ ਭੁੱਲਰ ਨੇ ਆਪਣੇ ਜੀਵਨ ਦੇ ਨੌਵੇਂ ਵਰ੍ਹੇ ਵਿੱਚ ਇੱਕ ਸਚਿੱਤਰ ਬਾਲ ਪੁਸਤਕ ਲਿਖ ਕੇ ਸਾਹਿਤਕ ਖੇਤਰ ਵਿੱਚ ਪੈਰ ਧਰ ਲਿਆ ਹੈ। ਅੰਗਰੇਜ਼ੀ ਦੀ ਇਹ ਪੁਸਤਕ 'ਦ ਗਰੇਟ ਜਰਨੀ' ਫੁੱਟਬਾਲ ਦੇ ਸੰਸਾਰ ਪ੍ਰਸਿੱਧ ਖਿਡਾਰੀ ਕ੍ਰਿਸਟੀਨੋ ਰੋਨਾਲਡੋ ਦੇ ਜੀਵਨ 'ਤੇ ਆਧਾਰਤ ਹੈ। ਇਹ ਪੁਸਤਕ 'ਬਰੀ ਬੁਕਸ' ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ, ਜਿਸ ਦੇ 35 ਪੰਨੇ ਹਨ, ਜੋ ਚਿੱਤਰਾਂ ਨਾਲ ਸ਼ਿੰਗਾਰੇ ਹੋਏ ਹਨ। ਪੁਸਤਕ ਪ੍ਰਕਾਸ਼ਕ ਦੀ ਵੈੱਬਸਾਈਟ 'ਤੇ ਵੀ ਉਪਲੱਬਧ ਹੈ। ਇਸ਼ਮਾਨ ਭੁੱਲਰ ਦਾ ਜਨਮ ਇੱਕ ਸਾਹਿਤਕ ਪਰਵਾਰ ਵਿੱਚ ਹੋਇਆ ਹੈ, ਰਚਨਾ ਦੇ ਖੇਤਰ ਵਿੱਚ ਉਹ ਪਰਵਾਰ ਦੀ ਚੌਥੀ ਪੀੜ੍ਹੀ ਵਿੱਚੋਂ ਹੈ। ਉਹ 'ਦਿ ਮਲੇਨੀਅਮ ਸਕੂਲ' ਬਠਿੰਡਾ ਦਾ ਚੌਥੀ ਜਮਾਤ ਦਾ ਵਿਦਿਆਰਥੀ ਹੈ। ਉਹ ਖ਼ੁਦ ਵੀ ਫੁੱਟਬਾਲ ਖੇਡਣ ਵਿੱਚ ਦਿਲਚਸਪੀ ਰੱਖਦਾ ਹੈ, ਜਿੱਥੋਂ ਉਸ ਨੂੰ ਰੋਨਾਲਡੋ ਦੇ ਜੀਵਨ ਬਾਰੇ ਲਿਖਣ ਦੀ ਇੱਛਾ ਪ੍ਰਗਟ ਹੋਈ ਤੇ ਪ੍ਰੇਰਨਾ ਮਿਲੀ।

## ਜਥੇਦਾਰ ਫੂੰਮਣ ਸਿੰਘ ਵੱਲੋਂ ਨਵੀਂ ਚੁਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਧਾਈ



**ਬਠਿੰਡਾ (ਰਾਜੀਵ ਗੋਇਲ)**-ਜ਼ਿਲ੍ਹੇ ਦੇ ਕਸਬਾ ਭਗਤਾ ਨਾਲ ਸੰਬੰਧਤ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਆਗੂ ਜਥੇਦਾਰ ਫੂੰਮਣ ਸਿੰਘ ਵੱਲੋਂ ਹਰਜਿੰਦਰ ਸਿੰਘ ਧਾਮੀ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੜ ਪ੍ਰਧਾਨ ਚੁਣੇ ਜਾਣ 'ਤੇ ਵਧਾਈ ਦਿੱਤੀ ਗਈ ਹੈ। ਇਸ ਮੌਕੇ ਉਨ੍ਹਾਂ ਵੱਲੋਂ ਧਾਮੀ ਦੇ ਨਾਲ-ਨਾਲ ਚੁਣੇ ਗਏ ਕਮੇਟੀ ਮੈਂਬਰ ਸਾਹਿਬਾਨਾਂ ਨੂੰ ਵੀ ਵਧਾਈ ਸੰਦੇਸ਼ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜਨਰਲ ਇਜਲਾਸ ਦਰਮਿਆਨ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਜਥੇਦਾਰ ਰਘੂਜੀਤ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ, ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਜੂਨੀਅਰ ਮੀਤ ਪ੍ਰਧਾਨ ਤੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਝੱਬਰ ਚੁਣੇ ਗਏ ਹਨ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਅੜ੍ਹਿੰਗ ਕਮੇਟੀ ਮੈਂਬਰਾਨ ਮੋਹਨ ਸਿੰਘ ਬੰਗੀ, ਬਾਵਾ ਸਿੰਘ ਗੁਮਾਨਪੁਰਾ, ਰਣਜੀਤ ਸਿੰਘ ਕਾਹਲੋਂ, ਨਵਤੇਜ ਸਿੰਘ ਕਾਉਣੀ, ਬੀਬੀ ਪਰਮਜੀਤ ਕੌਰ ਮੁਨਕ, ਰਵਿੰਦਰ ਸਿੰਘ ਖਾਲਸਾ, ਦਰਸ਼ਨ ਸਿੰਘ ਮੋਠਾਂਵਾਲੀ, ਚਰਨ ਸਿੰਘ ਆਲਮਗੀਰ, ਗੁਰਿੰਦਰਪਾਲ ਸਿੰਘ ਗੋਰਾ, ਕੁਲਦੀਪ ਸਿੰਘ ਨੱਸੂਪੁਰ, ਬੀਬੀ ਨਰਿੰਦਰ ਕੌਰ ਰਣੀਆ ਚੁਣੇ ਗਏ ਹਨ। ਉਨ੍ਹਾਂ ਵੱਲੋਂ ਸਮੂਹ ਨਵੀਂ ਚੁਣੀ ਗਈ ਕਮੇਟੀ ਨੂੰ ਵਧਾਈ ਦਿੰਦੇ ਹੋਏ ਆਖਿਆ ਕਿ ਸਾਨੂੰ ਉਮੀਦ ਹੈ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਗੁਰੂ ਮਹਾਰਾਜ ਜੀ ਦੇ ਆਸ਼ੀਰਵਾਦ ਸਦਕਾ ਇਹ ਕਮੇਟੀ ਗੁਰਧਾਮਾਂ ਦੀ ਸੇਵਾ ਸੰਭਾਲ ਲਈ ਹੋਰ ਵੀ ਵਧੀਆ ਕਦਮ ਚੁੱਕੇਗੀ।

## ਡੀ ਐੱਸ ਪੀ ਬਚਨ ਸਿੰਘ ਨੂੰ ਵਿਧਾਨ ਸਭਾ ਚੋਣ ਲੜਾਉਣ ਦੀ ਮੰਗ ਨੇ ਫੜਿਆ ਜ਼ੋਰ

### ਸਮਾਜ ਸੇਵਾ ਤੇ ਰਾਜਨੀਤਕ ਪਿਛੋਕੜ ਕਾਰਨ ਹਲਕੇ 'ਚ ਬਣੇ ਚਰਚਾ ਦਾ ਵਿਸ਼ਾ



**ਜਲਾਲਾਬਾਦ (ਬਲਵਿੰਦਰ ਸਿੰਘ)**-ਹਲਕਾ ਜਲਾਲਾਬਾਦ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਹੁਣ ਤੋਂ ਹੀ ਸਿਆਸੀ ਸਰਗਰਮੀਆਂ ਤੇਜ਼ ਹੋਣ ਲੱਗੀਆਂ ਹਨ।ਇਸੇ ਦੌਰਾਨ ਪੰਜਾਬ ਪੁਲਸ ਵਿੱਚ ਡੀਐੱਸਪੀ ਵਜੋਂ ਸੇਵਾਵਾਂ ਨਿਭਾਅ ਰਹੇ ਬਚਨ ਸਿੰਘ ਨੂੰ ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਉਮੀਦਵਾਰ ਬਣਾਉਣ ਦੀ ਮੰਗ ਵੀ ਜ਼ੋਰ ਫੜਨ ਲੱਗੀ ਹੈ।ਸਮਾਜ ਸੇਵਾ ਦੇ ਕੰਮਾਂ, ਸਾਫ਼-ਸੁਥਰੀ ਛਵੀ ਤੇ ਰਾਜਨੀਤਕ ਪਿਛੋਕੜ ਕਾਰਨ ਉਹ ਹਲਕੇ ਵਿੱਚ ਲੋਕਾਂ ਦੀ ਖਿੱਚ ਦਾ ਕੇਂਦਰ ਬਣੇ ਹੋਏ ਹਨ।ਜ਼ਿਕਰਯੋਗ ਹੈ ਕਿ ਹਲਕਾ ਜਲਾਲਾਬਾਦ ਵਿੱਚ ਰਾਏ ਸਿੱਖ ਬਰਾਦਰੀ ਦਾ ਵੱਡਾ ਵੋਟ ਬੈਂਕ ਹੈ, ਜੋ ਚੋਣਾਂ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ।ਇਸੇ ਕਾਰਨ ਵੱਖ-ਵੱਖ ਰਾਜਨੀਤਕ ਪਾਰਟੀਆਂ ਵੱਲੋਂ ਇਸ ਬਰਾਦਰੀ ਨਾਲ ਸਬੰਧਤ ਚਿਹਰਿਆਂ ਨੂੰ ਚੋਣ ਮੈਦਾਨ ਵਿੱਚ ਉਤਾਰਨ ਨੂੰ ਮਹੱਤਵ ਦਿੱਤਾ ਜਾਂਦਾ ਹੈ।ਡੀਐੱਸਪੀ ਬਚਨ ਸਿੰਘ ਨੇ ਸਾਲ 1999 ਵਿੱਚ ਏਐੱਸਆਈ ਵਜੋਂ ਪੰਜਾਬ ਪੁਲਸ ਵਿੱਚ ਭਰਤੀ ਹੋ ਕੇ ਆਪਣੀ ਸੇਵਾ ਸ਼ੁਰੂ ਕੀਤੀ ਸੀ।ਵੱਖ-ਵੱਖ ਅਹੁਦਿਆਂ 'ਤੇ ਸੇਵਾਵਾਂ ਨਿਭਾਉਂਦਿਆਂ ਉਹ ਮੌਜੂਦਾ ਸਮੇਂ ਡੀਐੱਸਪੀ ਵਜੋਂ ਤਾਇਨਾਤ ਹਨ।ਪੁਲਸ ਦੀ ਡਿਊਟੀ ਦੇ ਨਾਲ-ਨਾਲ ਸਮਾਜ ਸੇਵਾ ਦੇ ਕੰਮਾਂ ਵਿੱਚ ਸਰਗਰਮ ਰਹਿਣ ਕਾਰਨ ਉਨ੍ਹਾਂ ਦੀ ਲੋਕਾਂ ਵਿੱਚ ਵੱਖਰੀ ਪਛਾਣ ਬਣੀ ਹੋਈ ਹੈ।ਉਨ੍ਹਾਂ ਦਾ ਪਰਿਵਾਰ ਵੀ ਰਾਜਨੀਤਕ ਤੇ ਸਮਾਜਿਕ ਖੇਤਰ ਵਿੱਚ ਚੰਗੀ ਪਛਾਣ ਰੱਖਦਾ ਹੈ।ਉਨ੍ਹਾਂ ਦੇ ਮਾਮਾ ਸ਼ੇਰ ਸਿੰਘ ਘੁਬਾਇਆ ਫਿਰੋਜ਼ਪੁਰ ਤੋਂ ਕਾਂਗਰਸ ਪਾਰਟੀ ਦੇ ਸੰਸਦ ਮੈਂਬਰ ਹਨ, ਜਦਕਿ ਉਨ੍ਹਾਂ ਦੇ ਬੇਟੇ ਦਵਿੰਦਰ ਸਿੰਘ ਘੁਬਾਇਆ ਫਾਜ਼ਿਲਕਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਰਹਿ ਚੁੱਕੇ ਹਨ।ਇਸ ਤੋਂ ਇਲਾਵਾ ਉਨ੍ਹਾਂ ਦੇ ਭਰਾ ਦੀ ਸਿੱਖਿਆ ਵਿਭਾਗ ਵਿੱਚ ਚੰਗੀ ਪਛਾਣ ਹੈ ਤੇ ਭੈਣ ਮਹਿੰਦਰ ਕੌਰ ਪਿੰਡ ਟਿਵਾਣਾ ਤੋਂ ਤਿੰਨ ਵਾਰ ਸਰਬਸੰਮਤੀ ਨਾਲ ਸਰਪੰਚ ਚੁਣੇ ਜਾ ਚੁੱਕੇ ਹਨ।ਸਿਆਸੀ ਹਲਕਿਆਂ ਵਿੱਚ ਚਰਚਾ ਹੈ ਕਿ ਜੇਕਰ ਕਿਸੇ ਪਾਰਟੀ ਵੱਲੋਂ ਬਚਨ ਸਿੰਘ ਨੂੰ ਟਿਕਟ ਦਿੱਤੀ ਜਾਂਦੀ ਹੈ ਤਾਂ ਉਹ ਰਾਏ ਸਿੱਖ ਬਰਾਦਰੀ ਤੋਂ ਇਲਾਵਾ ਹੋਰਨਾਂ ਵਰਗਾਂ ਵਿੱਚ ਵੀ ਆਪਣਾ ਪ੍ਰਭਾਵ ਬਣਾ ਸਕਦੇ ਹਨ।ਹਾਲਾਂਕਿ ਉਨ੍ਹਾਂ ਵੱਲੋਂ ਚੋਣ ਲੜਨ ਸਬੰਧੀ ਕੋਈ ਅਧਿਕਾਰਤ ਐਲਾਨ ਸਾਹਮਣੇ ਨਹੀਂ ਆਇਆ ਹੈ, ਪਰ ਹਲਕੇ ਵਿੱਚ ਉਨ੍ਹਾਂ ਦੀ ਸੰਭਾਵੀ ਉਮੀਦਵਾਰੀ ਨੂੰ ਲੈ ਕੇ ਚਰਚਾਵਾਂ ਲਗਾਤਾਰ ਤੇਜ਼ ਹੋ ਰਹੀਆਂ ਹਨ।

## ਬੀ ਕੇ ਯੂ ਕਾਦੀਆਂ ਵੱਲੋਂ ਡੀ ਸੀ ਲੁਧਿਆਣਾ ਨਾਲ ਮੁਲਾਕਾਤ



**ਸਮਰਾਲਾ (ਸੁਰਜੀਤ ਸਿੰਘ)**-ਜ਼ਿਲ੍ਹਾ ਲੁਧਿਆਣਾ ਵਿਖੇ ਨਵੇਂ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਵੱਲੋਂ ਅਹੁਦਾ ਸੰਭਾਲੇ ਜਾਣ ਮੌਕੇ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦਾ ਇੱਕ ਵਫਦ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਹਰਦੀਪ ਸਿੰਘ ਗਿਆਸਪੁਰਾ ਦੀ ਅਗਵਾਈ ਹੇਠ ਜੀ ਆਇਆਂ ਕਹਿਣ ਗਿਆ ਤੇ ਇੱਕ ਸੁਖਾਵੇਂ ਮਹੌਲ ਵਿੱਚ ਮੁਲਾਕਾਤ ਕੀਤੀ।ਇਸ ਮੁਲਾਕਾਤ ਸਬੰਧੀ ਦੱਸਦਿਆਂ ਗਿਆਸਪੁਰਾ ਨੇ ਕਿਹਾ ਕਿ ਲੁਧਿਆਣਾ ਜ਼ਿਲ੍ਹੇ ਦੇ ਨਵੇਂ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਬਹੁਤ ਹੀ ਨੇਕ ਦਿਲ ਤੇ ਸੁਲਝੇ ਹੋਏ ਅਫਸਰ ਹਨ, ਇਨ੍ਹਾਂ ਦੁਆਰਾ ਹਰ ਕੰਮ ਪੂਰੇ ਪਾਰਦਰਸ਼ੀ ਢੰਗ ਨਾਲ ਅਮਲ ਵਿੱਚ ਲਿਆਂਦਾ ਜਾਂਦਾ ਹੈ।ਬੀ. ਕੇ. ਯੂ. (ਕਾਦੀਆਂ) ਦੇ ਵਫਦ ਨਾਲ ਮੁਲਾਕਾਤ ਦੌਰਾਨ ਕਿਸਾਨਾਂ ਦੀਆਂ ਮੁਸ਼ਕਲਾਂ ਸਬੰਧੀ ਵਿਚਾਰ ਚਰਚਾ ਕੀਤੀ ਗਈ, ਜਿਸ ਵਿੱਚ ਮੁੱਖ ਮੁਸ਼ਕਲ ਝੋਨੇ ਦੀ ਕਟਾਈ ਉਪਰੰਤ ਜੋ ਕਿਸਾਨ ਆਲੂ ਬੀਜ ਰਹੇ ਹਨ ਤੇ ਕੁਝ ਦਿਨਾਂ ਤੱਕ ਕਣਕ ਦੀ ਬਿਜਾਈ ਵੀ ਸ਼ੁਰੂ ਹੋ ਜਾਣੀ ਹੈ, ਕਿਸਾਨਾਂ ਨੂੰ ਡੀ. ਏ. ਪੀ., ਯੂਰੀਆ ਖਾਦ ਦੀ ਕਿੱਲਤ ਸਬੰਧੀ ਦੱਸਿਆ ਗਿਆ ਤੇ ਇਸ ਤੋਂ ਇਲਾਵਾ ਪ੍ਰਾਈਵੇਟ ਦੁਕਾਨਦਾਰਾਂ ਵੱਲੋਂ ਕੀਤੀ ਜਾ ਰਹੀ ਕਾਲਾ ਬਾਜ਼ਾਰੀ ਸਬੰਧੀ ਜਾਣੂ ਕਰਵਾਇਆ ਗਿਆ। ਇਸ ਤੋਂ ਇਲਾਵਾ ਹੋਰ ਕਿਸਾਨੀ ਮੁਸ਼ਕਲਾਂ ਸਬੰਧੀ ਚਰਚਾ ਕੀਤੀ ਗਈ।ਡਿਪਟੀ ਕਮਿਸ਼ਨਰ ਨੇ ਵਫਦ ਨੂੰ ਭਰੋਸਾ ਦਿਵਾਇਆ ਕਿ ਕਿਸਾਨਾਂ ਨੂੰ ਡੀ. ਏ. ਪੀ., ਯੂਰੀਆ ਸਬੰਧੀ ਆ ਰਹੀ ਮੁਸ਼ਕਲ ਤੇ ਕਾਲਾ ਬਾਜ਼ਾਰੀ ਸਬੰਧੀ ਸਖਤ ਆਦੇਸ਼ ਜਾਰੀ ਕਰ ਦਿੱਤੇ ਜਾਣਗੇ ਤੇ ਗੰਨੇ ਦੇ ਬਕਾਏ ਸਬੰਧੀ ਉੱਚ ਅਧਿਕਾਰੀਆਂ ਨੂੰ ਭੇਜ ਦਿੱਤਾ ਜਾਵੇਗਾ।ਇਸ ਤੋਂ ਇਲਾਵਾ ਜੇਕਰ ਕਿਸਾਨਾਂ ਨੂੰ ਹੋਰ ਵੀ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਮੈਨੂੰ ਬੇਝਿਜਕ ਮਿਲ ਸਕਦੇ ਹਨ।ਵਫਦ ਵਿੱਚ ਉਪਰੋਕਤ ਤੋਂ ਇਲਾਵਾ ਸਵਰਨ ਸਿੰਘ ਹੇੜੀਆਂ ਇਕਾਈ ਪ੍ਰਧਾਨ, ਗੋਲੂ ਹੇੜੀਆਂ, ਜਗਜੀਤ ਸਿੰਘ ਸਹਿਜੋਮਾਜਰਾ, ਹਰਵਿੰਦਰ ਸਿੰਘ ਸੋਹੀ ਬਹਿਲੋਲਪੁਰਾ ਸ਼ਾਮਲ ਸਨ।

## ਬਸਪਾ ਦੀ 'ਪੰਜਾਬ ਸੰਭਾਲੋ ਰੈਲੀ' 26 ਨੂੰ ਫਿਲੌਰ 'ਚ ਹੋਵੇਗੀ : ਚੇਅਰਮੈਨ ਬਰਮਾਲੀਪੁਰ



**ਦੋਰਾਹਾ (ਹਰਮਿੰਦਰ ਸੇਠ)**-ਬਹੁਜਨ ਸਮਾਜ ਪਾਰਟੀ ਵੱਲੋਂ ਚਲਾਈ ਜਾ ਰਹੀ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਵਿਧਾਨ ਸਭਾ ਹਲਕਾ ਪਾਇਲ ਦੀ ਅਹਿਮ ਮੀਟਿੰਗ ਹੋਈ।ਰਣਜੀਤ ਸਿੰਘ ਨੋਨਾ ਮੀਡੀਆ ਇੰਚਾਰਜ ਵਿਧਾਨ ਸਭਾ ਹਲਕਾ ਪਾਇਲ ਨੇ ਇਸ ਮੀਟਿੰਗ ਕਿਹਾ ਕਿ ਬਸਪਾ ਆਗੂਆਂ ਨੇ ਵਰਕਰਾਂ ਨੂੰ 26 ਨਵੰਬਰ ਨੂੰ ਸੰਵਿਧਾਨ ਦਿਵਸ ਮੌਕੇ ਫਿਲੌਰ ਵਿਖੇ ਹੋਣ ਵਾਲੀ ਵਿਸ਼ਾਲ 'ਪੰਜਾਬ ਸੰਭਾਲੋ ਰੈਲੀ' ਵਿੱਚ ਵੱਡੇ ਕਾਫਲਿਆਂ ਸਮੇਤ ਪਹੁੰਚਣ ਦਾ ਸੱਦਾ ਦਿੱਤਾ।ਰੈਲੀ ਵਿੱਚ ਪਾਰਟੀ ਦੇ ਨੈਸ਼ਨਲ ਕੋਆਰਡੀਨੇਟਰ ਸ੍ਰੀ ਆਕਾਸ਼ ਆਨੰਦ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਮੀਟਿੰਗ ਵਿੱਚ ਬਸਪਾ ਪੰਜਾਬ ਦੇ ਸੂਬਾਈ ਤੇ ਜ਼ਿਲ੍ਹਾ ਪੱਧਰੀ ਆਗੂਆਂ ਨੇ ਕਿਹਾ ਕਿ ਪੰਜਾਬ ਆਰਥਿਕ ਤੇ ਸਮਾਜਿਕ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ ਤੇ ਲੋਕਾਂ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਪਾਰਟੀ ਦੀ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ।ਉਨ੍ਹਾਂ ਵਰਕਰਾਂ ਨੂੰ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਲਾਮਬੰਦ ਕਰਨ ਦੀ ਅਪੀਲ ਕੀਤੀ, ਤਾਂ ਜੋ ਪਾਇਲ ਹਲਕੇ ਤੋਂ ਰਿਕਾਰਡਤੋੜ ਇਕੱਠ ਰੈਲੀ ਵਿੱਚ ਸ਼ਾਮਲ ਹੋ ਸਕੇ।ਇਸ ਮੌਕੇ ਬਲਦੇਵ ਸਿੰਘ ਮਹਿਰਾ ਮੀਤ ਪ੍ਰਧਾਨ, ਕੁਲਵੰਤ ਸਿੰਘ ਮਹਿਤੋ, ਸੈਕਟਰੀ ਪੰਜਾਬ, ਬਲਜੀਤ ਸਿੰਘ ਸੁਲਾਣਾ ਸਕੱਤਰ ਪੰਜਾਬ, ਗੁਰਮੀਤ ਸਿੰਘ ਚੌਬਦਾਰਾ, ਇੰਚਾਰਜ ਹਰਭਜਨ ਸਿੰਘ ਦੁਲਮਾ, ਜ਼ਿਲ੍ਹਾ ਦਿਹਾਤੀ ਪ੍ਰਧਾਨ ਪਰਮਿੰਦਰ ਸਿੰਘ, ਗੁਰਬਚਨ ਸਿੰਘ ਕਟਾਰੀ, ਹਲਕਾ ਇੰਚਾਰਜ ਅਮਰਜੀਤ ਸਿੰਘ ਮਹਿਰਾ, ਪ੍ਰਿੰਸੀਪਲ ਦਰਸ਼ਨ ਸਿੰਘ ਮਲਕੌਦ, ਚੇਅਰਮੈਨ ਰਣਜੀਤ ਸਿੰਘ ਨੋਨਾ ਬਰਮਾਲੀਪੁਰ, ਮਨਜੀਤ ਸਿੰਘ ਜ਼ਿਲ੍ਹਾ ਸਰਪ੍ਰਸਤ, ਧਰਮਿੰਦਰ ਸਿੰਘ ਸਰਕਲ ਪ੍ਰਧਾਨ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਅੱਜ

**ਬੱਧਨੀ ਕਲਾਂ (ਨਛੱਤਰ ਸੰਧੂ)**-ਲਾਸਾਨੀ ਯੋਧੇ, ਕੁਰਬਾਨੀ ਦੇ ਪੁੰਜ ਜਥੇਦਾਰ ਜਗਤਾਰ ਸਿੰਘ ਹਵਾਰਾ ਸਾਹਿਬ ਜੀ, ਜਥੇਦਾਰ ਉਮਰ ਖਾਲਿਦ ਸਾਹਿਬ, ਬੰਦੀ ਸਿੰਘਾਂ, ਸਮੂਹ ਰਾਜਨੀਤਕ ਕੈਦੀਆਂ ਦੀ ਰਿਹਾਈ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਅਰਦਾਸ 22 ਨਵੰਬਰ ਐਤਵਾਰ ਨੂੰ ਕਸਬਾ ਨਿਹਾਲ ਸਿੰਘ ਵਾਲਾ ਦੇ ਦੀਪ ਹਸਪਤਾਲ ਵਿਖੇ ਵਿਧੀਵੱਤ ਰੂਪ ਵਿੱਚ ਹੋਵੇਗੀ।ਹਸਪਤਾਲ ਦੇ ਮਾਲਿਕ ਤੇ ਸੰਚਾਲਕ ਡਾਕਟਰ ਦੀਪ ਨੇ ਇਸ ਮੌਕੇ ਪੱਤਰਕਾਰਾਂ ਨਾਲ ਇੱਕ ਵਿਸ਼ੇਸ਼ ਮਿਲਣੀ ਦੌਰਾਨ ਕਿਹਾ ਕਿ ਨਰਿੰਦਰ ਮੋਦੀ ਦੀ ਭਾਜਪਾ ਤੇ ਆਰ.ਐੱਸ.ਐੱਸ. ਦੀ ਜ਼ਾਲਮ ਸਰਕਾਰ ਸਿੱਖਾਂ, ਮੁਸਲਮਾਨਾਂ ਤੇ ਕਾਮਰੇਡਾਂ 'ਤੇ ਬਹੁਤ ਜ਼ੁਲਮ ਕਰ ਰਹੀ ਹੈ।ਇਸ ਸਰਕਾਰ ਦੇ ਜ਼ੁਲਮ ਹੱਦਾਂ ਬੰਨੇ ਟੱਪ ਗਏ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਦੀ ਓਟ ਆਸਰਾ ਹੀ ਸਾਨੂੰ ਇਸ ਜ਼ੁਲਮ ਨਾਲ ਲੋਹਾ ਲੈਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਇਸ ਸੰਬੰਧੀ ਬਾਬਾ ਨਾਨਕ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀਪ ਹਸਪਤਾਲ ਵਿੱਚ 22 ਨਵੰਬਰ ਨੂੰ ਕਰਵਾਏ ਜਾਣਗੇ, ਜਿਸ ਵਿੱਚ ਇਲਾਕਾ ਨਿਹਾਲ ਸਿੰਘ ਵਾਲਾ ਦੇ ਸਮੂਹ ਇਨਸਾਫ਼ ਪਸੰਦ ਵੀਰ, ਭੈਣਾਂ ਭਾਗ ਲੈਣਗੇ।

# ਸ਼ਹਿਰ 'ਚ ਟ੍ਰੈਫਿਕ ਦਾ ਬੁਰਾ ਹਾਲ, ਰੋਜ਼ਾਨਾ ਲੱਗਦੇ ਜਾਮਾਂ ਤੋਂ ਲੋਕ ਦੁਖੀ



**ਜ਼ੀਰਾ (ਰੁਪ ਸਿੰਘ ਸੰਧੂ)**

ਪਿਛਲੇ ਕੁਝ ਸਮੇਂ ਦੌਰਾਨ ਜ਼ੀਰਾ ਨਗਰ ਕੌਂਸਲ ਤੇ ਪੁਲਸ ਵੱਲੋਂ ਮਿਲ ਕੇ ਨਜਾਇਜ਼ ਕਬਜ਼ਾਧਾਰਕ ਲੋਕਾਂ ਪਾਸੋਂ ਸ਼ਹਿਰ ਨੂੰ ਖੁੱਲ੍ਹਾ ਕਰਵਾਇਆ ਗਿਆ ਸੀ, ਪਰ ਦਿਵਾਲੀ ਦੇ ਤਿਉਹਾਰ ਦੀ ਆਮਦ 'ਤੇ ਪਰਨਾਲਾ ਮੁੜ ਉੱਥੇ ਦਾ ਉੱਥੇ ਹੋ ਗਿਆ।ਜ਼ੀਰਾ ਸ਼ਹਿਰ ਦਾ ਰੇਲਵੇ ਰੋਡ, ਬਾਬਾ ਮੌਜਦੀਨ ਪੁਰਾਣੀ ਤੇ ਨਵੀਂ ਤਲਵੰਡੀ ਮੱਲੋਕੇ, ਜੈਨ ਮਾਰਕੀਟ, ਮੇਨ ਬਾਜ਼ਾਰ ਗਊਸ਼ਾਲਾ, ਕੋਟ ਈਸੇ ਖਾਂ, ਫਿਰੋਜ਼ਪੁਰ, ਅੰਮ੍ਰਿਤਸਰ, ਫਰੀਦਕੋਟ ਆਦਿ ਸੜਕਾਂ 'ਤੇ ਦੁਕਾਨਦਾਰਾਂ ਵੱਲੋਂ ਆਪਣਾ ਸਾਮਾਨ ਕਾਫੀ ਅੱਗੇ ਤੱਕ ਵਧਾ ਕੇ ਰੱਖਿਆ ਹੋਇਆ ਹੈ। ਇਸ ਤੋਂ ਇਲਾਵਾ ਦੁਕਾਨਦਾਰ ਤੇ ਨਗਰ ਕੌਂਸਲ ਜ਼ੀਰਾ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਕਥਿਤ ਮਿਲੀਭੁਗਤ ਰਾਹੀਂ ਰੇਹੜੀਆਂ/ਫੜੀਆਂ ਵਾਲੇ ਲੋਕ ਸੜਕਾਂ 'ਤੇ ਨਜਾਇਜ਼ ਕਬਜ਼ਾ ਕਰਕੇ ਟ੍ਰੈਫਿਕ ਤੇ ਪੈਦਲ ਚਲਦੇ ਰਾਹਗੀਰਾਂ ਲਈ ਭਾਰੀ ਮੁਸ਼ਕਲਾਂ ਪੈਦਾ ਕਰ ਰਹੇ ਹਨ। ਸ਼ਹਿਰ ਵਿੱਚ ਕੋਈ ਢੁੱਕਵੀਂ ਪਾਰਕਿੰਗ ਨਾ ਹੋਣ ਕਾਰਨ ਪਿੰਡਾਂ ਤੋਂ ਸ਼ਹਿਰ ਵਿੱਚ ਖਰੀਦੋ ਫਰੋਖਤ ਕਰਨ ਲਈ ਆਏ ਲੋਕਾਂ ਵੱਲੋਂ ਸੜਕਾਂ ਵਿੱਚ ਹੀ ਆਪਣੇ ਵਾਹਨ ਖੜੇ ਕਰਨ ਕਰਕੇ ਲੋਕਾਂ ਨੂੰ ਭਾਰੀ ਮੁਸੀਬਤਾਂ 

# ਐੱਨ ਐੱਚ ਐੱਮ ਮੁਲਾਜ਼ਮਾਂ ਵੱਲੋਂ ਸਿਵਲ ਹਸਪਤਾਲ ਵਿਖੇ ਧਰਨਾ

## ਮੰਗਾਂ ਦਾ ਠੋਸ ਹੱਲ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਐੱਨ ਐੱਚ ਐੱਮ ਇੰਪਲਾਈਜ਼ ਯੂਨੀਅਨ ਪੰਜਾਬ ਦੇ ਸੱਦੇ 'ਤੇ ਸੂਬੇ ਭਰ ਵਿੱਚ ਨੈਸ਼ਨਲ ਹੈਲਥ ਮਿਸ਼ਨ ਅਧੀਨ ਕੰਮ ਕਰਦੇ ਮੁਲਾਜ਼ਮਾਂ ਦੀ ਹੜਤਾਲ ਲਗਾਤਾਰ ਜਾਰੀ ਹੈ। ਇਸੇ ਤਹਿਤ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਐੱਨ.ਐੱਚ.ਐੱਮ. ਮੁਲਾਜ਼ਮਾਂ ਵੱਲੋਂ ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿਖੇ ਇਕੱਠੇ ਹੋ ਕੇ ਰੋਸ ਧਰਨਾ ਦਿੱਤਾ ਗਿਆ ਤੇ ਸਰਕਾਰ ਵਿਰੁੱਧ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਆਵਾਜ਼ ਬੁਲੰਦ ਕੀਤੀ ਗਈ। ਮੁਲਾਜ਼ਮਾਂ ਨੇ ਕਿਹਾ ਕਿ ਉਹ ਲੰਬੇ ਸਮੇਂ ਤੋਂ ਆਪਣੀਆਂ ਮੰਗਾਂ ਦੀ ਪੂਰਤੀ ਲਈ ਸੰਘਰਸ਼ ਕਰ ਰਹੇ ਹਨ, ਪਰ ਸਰਕਾਰ ਵੱਲੋਂ ਅਜੇ ਤੱਕ ਕੋਈ ਠੋਸ ਫੈਸਲਾ ਨਹੀਂ ਲਿਆ ਗਿਆ। ਯੂਨੀਅਨ ਆਗੂ ਨਰਿੰਦਰ ਸਿੰਘ, ਕਮਿਊਨਿਟੀ ਹੈਲਥ ਅਫਸਰ ਨੇ ਕਿਹਾ ਕਿ ਐੱਨ.ਐੱਚ.ਐੱਮ. ਮੁਲਾਜ਼ਮ ਸਿਹਤ ਵਿਭਾਗ ਦੀ ਰੀੜ੍ਹ ਦੀ ਹੱਡੀ ਹਨ ਤੇ ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤੱਕ ਲੋਕਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਟੀ.ਬੀ., ਆਈ.ਡੀ.ਐੱਸ.ਪੀ., ਆਰ.ਬੀ.ਐੱਸ.ਕੇ., ਟੀਕਾਕਰਨ, ਮਾਤਾ ਤੇ ਬਾਲ ਸਿਹਤ, ਸ਼ੂਗਰ ਤੇ ਹਾਈ ਬਲੱਡ ਪ੍ਰੈਸ਼ਰ ਵਰਗੇ ਕੌਮੀ ਸਿਹਤ ਪ੍ਰੋਗਰਾਮਾਂ ਦੀਆਂ ਜ਼ਿੰਮੇਵਾਰੀਆਂ ਵੀ ਐੱਨ.ਐੱਚ.ਐੱਮ. ਮੁਲਾਜ਼ਮਾਂ ਵੱਲੋਂ ਨਿਭਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਮੁਲਾਜ਼ਮਾਂ ਦੀਆਂ ਸੇਵਾਵਾਂ ਤੇ ਯੋਗਦਾਨ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਦੀਆਂ ਮੰਗਾਂ ਦਾ ਤੁਰੰਤ ਹੱਲ ਕਰਨਾ ਚਾਹੀਦਾ ਹੈ। ਯੂਨੀਅਨ ਆਗੂ ਰਿਕੂ ਕੰਬੋਜ ਤੇ ਡਾ: ਯੁਵਰਾਜ ਸਿੰਘ ਨੇ ਕਿਹਾ ਕਿ ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਵਿੱਚ ਬਰਾਬਰ ਕੰਮ ਬਦਲੇ ਬਰਾਬਰ ਤਨਖਾਹ, ਨੌਕਰੀ ਦੀ ਸੁਰੱਖਿਆ ਤੇ ਹੋਰ ਬਣਦੇ ਸੇਵਾ ਲਾਭ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਇੱਕੋ ਜਿਹੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਬਾਵਜੂਦ ਐੱਨ.ਐੱਚ.ਐੱਮ. ਮੁਲਾਜ਼ਮਾਂ ਨਾਲ ਤਨਖਾਹ ਤੇ ਸੇਵਾ ਸ਼ਰਤਾਂ ਦੇ ਮਾਮਲੇ ਵਿੱਚ ਵਿਤਕਰਾ ਕੀਤਾ ਜਾ ਰਿਹਾ ਹੈ, ਜੋ ਕਿ ਸਰਾਸਰ ਬੇਇਨਸਾਫ਼ੀ ਹੈ। ਯੂਨੀਅਨ ਆਗੂ ਡਾ. ਅਮਨ ਨੇ ਕਿਹਾ ਕਿ ਐੱਨ.ਐੱਚ.ਐੱਮ. ਮੁਲਾਜ਼ਮਾਂ ਦੀ ਹੜਤਾਲ ਕਾਰਨ ਸਿਹਤ ਵਿਭਾਗ ਦੇ ਕਈ ਅਹਿਮ ਪ੍ਰੋਗਰਾਮ ਪ੍ਰਭਾਵਿਤ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦਾ ਮਕਸਦ ਲੋਕਾਂ ਨੂੰ ਸਿਹਤ ਸੇਵਾਵਾਂ ਤੋਂ ਵਾਂਝਾ ਕਰਨਾ ਨਹੀਂ, ਸਗੋਂ ਆਪਣੇ ਬਣਦੇ ਹੱਕ ਪ੍ਰਾਪਤ ਕਰਨਾ ਹੈ। ਆਗੂ ਬਗਿਚ ਸਿੰਘ ਤੇ ਡਾ. ਯੁਵਰਾਜ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਸਰਕਾਰ ਤੇ ਵਿਭਾਗੀ ਅਧਿਕਾਰੀਆਂ ਵੱਲੋਂ ਕਈ ਵਾਰ ਮੰਗਾਂ ਦੇ ਹੱਲ ਦਾ ਭਰੋਸਾ ਦਿੱਤਾ ਗਿਆ, ਪਰ ਅਮਲੀ ਤੌਰ 'ਤੇ ਕੋਈ ਠੋਸ ਨਤੀਜਾ ਸਾਹਮਣੇ ਨਹੀਂ ਆਇਆ। ਉਨ੍ਹਾਂ ਕਿਹਾ ਕਿ ਹੁਣ ਮੁਲਾਜ਼ਮ ਸਿਰਫ਼ ਭਰੋਸਿਆਂ ਨਾਲ ਸੰਤੁਸ਼ਟ ਨਹੀਂ ਹੋਣਗੇ। ਜਦੋਂ ਤੱਕ ਸਰਕਾਰ ਵੱਲੋਂ ਮੰਗਾਂ ਸਬੰਧੀ ਲਿਖਤੀ ਫੈਸਲੇ ਲੈ ਕੇ ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਜਾਂਦਾ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਆਗੂ ਹਰਜਿੰਦਰ ਸਿੰਘ ਨੇ ਕਿਹਾ ਕਿ ਮੁਲਾਜ਼ਮ ਆਪਣੇ ਹੱਕਾਂ ਲਈ ਪੂਰੀ ਇਕਜੁੱਟਤਾ ਨਾਲ ਸੰਘਰਸ਼ ਕਰ ਰਹੇ ਹਨ ਤੇ ਆਉਣ ਵਾਲੇ ਸਮੇਂ ਵਿੱਚ ਵੀ ਯੂਨੀਅਨ ਵੱਲੋਂ ਉਲੀਕੇ ਗਏ ਸੰਘਰਸ਼ ਦੇ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇਗੀ। ਯੂਨੀਅਨ ਆਗੂ ਡਾ. ਪ੍ਰੀਤ ਮੁਖੀਜਾ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦਾ ਜਲਦ ਨਿਪਟਾਰਾ ਕੀਤਾ ਜਾਵੇ। ਰੋਸ ਧਰਨੇ ਦੌਰਾਨ ਡਾ. ਮਨਮੀਤ ਕੌਰ, ਡਾ. ਲਲਿਤ, ਲਵਪ੍ਰੀਤ ਸਿੰਘ, ਡਾ. ਗੁਰਵਿੰਦਰ ਸਿੰਘ, ਡਾ. ਅਸ਼ੋਕ, ਡਾ. ਨੀਤਕਾ ਗੁਪਤਾ, ਨੇਹਾ, ਰੁਪਿੰਦਰ ਕੌਰ, ਰਾਜਵਿੰਦਰ ਕੌਰ, ਗੌਰਵ, ਨਵਜੀਤ ਸਿੰਘ, ਸਤਨਾਮ ਸਿੰਘ, ਕੋਛੜਜੀਤ ਕੌਰ, ਮਨਪ੍ਰੀਤ ਕੌਰ ਅਤੇ ਪੈਰਾਮੈਡੀਕਲ ਯੂਨੀਅਨ ਦੇ ਆਗੂ ਨਰਿੰਦਰ ਸ਼ਰਮਾ, ਜਸਵਿੰਦਰ ਸਿੰਘ ਕੋੜਾ, ਗੁਰਮੇਲ ਸਿੰਘ, ਮਨਜੀਤ ਸਿੰਘ, ਪਰਮਵੀਰ ਸਿੰਘ, ਸੀਮਾ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਫਿੱਕੀ ਦੀ ਮੀਟਿੰਗ 'ਚ ਪ੍ਰਧਾਨ ਮੰਤਰੀ ਦਾ ਬਿਆਨ ਗੁਮਰਾਹਕੁੰਨ : ਏਟਕ

## ਦੇਸ਼ ਦੀ ਵਿਗੜਦੀ ਆਰਥਿਕ ਸਥਿਤੀ ਸਰਕਾਰ ਦੀਆਂ ਨੀਤੀਆਂ ਦਾ ਹੀ ਸਿੱਟਾ



**ਲੁਧਿਆਣਾ (ਐੱਮ ਐੱਸ ਭਾਟੀਆ)**

ਵੱਡੇ ਉਦਯੋਗਪਤੀਆਂ ਦੀ ਜਥੇਬੰਦੀ ਫਿੱਕੀ ਦੀ ਸਾਲਾਨਾ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਮੰਨਿਆ ਹੈ ਕਿ ਕਾਰਪੋਰੇਟ ਟੈਕਸ ਨੂੰ 30% ਦੀ ਹੱਦ ਤੋਂ ਘਟਾ ਕੇ 22% ਲੈ ਆਉਣ ਦੇ ਨਾਲ ਦੇਸ਼ ਨੂੰ 12 ਲੱਖ ਕਰੋੜ ਰੁਪਏ ਦਾ ਘਾਟਾ ਹੋਇਆ ਹੈ, ਪਰ ਉਹ ਅੱਗੇ ਆਖਦੇ ਹਨ ਕਿ ਕਾਰਪੋਰੇਟ ਜਗਤ ਇਸ ਦੇ ਬਾਵਜੂਦ ਨਾ ਤਾਂ ਤਨਖਾਹਾਂ ਵਧਾ ਰਿਹਾ ਹੈ ਤੇ ਨਾ ਹੀ ਕੋਈ ਚੰਗੇ ਢੰਗ ਦੇ ਨਾਲ ਵਿਕਾਸ ਕਰ ਰਿਹਾ ਹੈ।ਇਹ ਬਿਆਨਬਾਜ਼ੀ ਪ੍ਰਧਾਨ ਮੰਤਰੀ ਦੇ ਮੂੰਹ ਤੋਂ ਢੁੱਕਦੀ ਨਹੀਂ ਤੇ ਇਹ ਇੱਕ ਛਲਾਵਾ ਮਾਤਰ ਹੈ।12 ਸਾਲ ਤੋਂ ਉਨ੍ਹਾਂ ਦੀ ਹੀ ਸਰਕਾਰ ਹੈ ਤੇ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਕਾਰਪੋਰੇਟ ਖੇਤਰ ਕੀ ਕਰ ਰਿਹਾ ਹੈ।ਦੁਨੀਆ ਵਿੱਚ ਸਭ ਨੂੰ ਇਹ ਪਤਾ ਹੈ ਕਿ ਪ੍ਰਧਾਨ ਮੰਤਰੀ ਦੇ ਦੋ ਪ੍ਰਮੁੱਖ ਕਾਰਪੋਰੇਟ ਘਰਾਣਿਆਂ ਅਦਾਨੀ ਤੇ ਅੰਬਾਨੀ ਨਾਲ ਸੰਬੰਧ ਹਨ ਤੇ ਦੇਸ਼ ਦਾ ਸਾਰਾ ਧਨ ਉਨ੍ਹਾਂ ਵੱਲ ਧੱਕ ਰਹੇ ਹਨ।ਇਸ ਤੋਂ ਇਲਾਵਾ ਜਿਹੜੇ ਨਵੇਂ ਕਾਨੂੰਨ ਲੈ ਕੇ ਆਂਦੇ ਹਨ, ਉਸ ਵਿੱਚ ਮਜ਼ਦੂਰਾਂ ਦੇ ਹੱਕਾਂ ਦੇ ਕਾਨੂੰਨ ਸਮਾਪਤ ਕਰਕੇ ਚਾਰ ਕੋਡਾਂ ਵਿੱਚ ਸਮੇਟ ਦਿੱਤਾ ਗਿਆ ਹੈ, ਜਿਸ ਦੇ ਮੁਤਾਬਕ ਕੰਮ ਨੂੰ ਧਰਮ ਦੇ ਨਾਲ ਜੋੜ ਕੇ ਵਿਆਖਿਆ ਕੀਤੀ ਜਾ ਰਹੀ ਹੈ, ਇਸ ਦਾ ਭਾਵ ਕਿ ਕੰਮ ਕਰੀ ਜਾਓ ਕੁਝ ਮੰਗਣ ਦੀ ਲੋੜ ਨਹੀਂ।ਉਸ ਦੇ ਬਜਾਏ ਜਿਹੜੀ ਉਜ਼ਰਤ ਮਿਲਦੀ ਹੈ, ਉਹ ਤੁਹਾਡਾ ਅਧਿਕਾਰ ਨਹੀਂ ਹੈ। ਯੂਨੀਅਨ ਬਣਾਉਣ ਦੇ ਅਖਤਿਆਰ ਖਤਮ, ਕਿੱਤਾ ਮੁਖੀ ਸੁਰੱਖਿਆ ਦੇ ਅਖਤਿਆਰ ਕਮਜ਼ੋਰ ਕਰ ਦਿੱਤੇ ਗਏ ਹਨ, ਲੇਬਰ ਮਹਿਕਮੇ ਤੋਂ ਤਾਕਤ ਖੋਹ ਲਈ ਗਈ ਹੈ।ਘੱਟੋ ਘੱਟ ਉਜ਼ਰਤ ਸਾਡੇ ਦੇਸ਼ ਵਿੱਚ ਹਾਲੇ ਵੀ ਬਹੁਤ ਘੱਟ ਹੈ।ਫਲੋਰ ਲੈਵਲ ਵੇਜ ਦੇ ਮੁਤਾਬਕ ਇੱਕ ਵਿਅਕਤੀ ਦੀ ਤਨਖਾਹ 5340/- ਹਰ ਮਹੀਨੇ ਬਣਦੀ ਹੈ।ਉਨ੍ਹਾਂ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਏਟਕ ਲੁਧਿਆਣਾ ਦੇ ਜਨਰਲ ਸਕੱਤਰ ਐੱਮ ਐੱਸ ਭਾਟੀਆ, ਪ੍ਰਧਾਨ ਵਿਜੇ ਕੁਮਾਰ ਤੇ ਪ੍ਰਮੁੱਖ ਸਲਾਹਕਾਰ ਡੀ ਪੀ ਮੌੜ ਨੇ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਸੱਚਮੁੱਚ ਕਾਮਿਆਂ ਦੇ ਹੱਕ ਵਿੱਚ ਹਨ ਤਾਂ ਉਹ ਬਹੁਤ ਚਿਰ ਤੋਂ ਲਟਕਦੀਆਂ ਆ ਰਹੀਆਂ ਸਮੱਸਿਆਵਾਂ ਬਾਰੇ ਇੰਡੀਅਨ ਲੇਬਰ ਕਾਨਫਰੰਸ ਫੌਰਨ ਬੁਲਾ ਕੇ ਤਿੰਨ ਧਿਰੀ ਗੱਲਬਾਤ ਕਰਨ।

# ਜੇਲ੍ਹ 'ਚ ਯੂਥ ਕਾਂਗਰਸ ਆਗੂਆਂ ਨਾਲ ਮਿਲਣ ਤੋਂ ਰੋਕਣਾ ਮਾਨ ਸਰਕਾਰ ਦੀ ਤਾਨਾਸ਼ਾਹੀ ਦਾ ਸਬੂਤ : ਪਰਗਟ ਸਿੰਘ

## ਸੌ ਪਰਚੇ ਦਰਜ ਕਰ ਲਓ, ਨਾ ਡਰਾਂਗੇ ਤੇ ਨਾ ਹੀ ਨੌਜਵਾਨਾਂ ਦੇ ਹੱਕਾਂ ਦੀ ਲੜਾਈ ਤੋਂ ਪਿੱਛੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸ੍. ਪਰਗਟ ਸਿੰਘ ਨੇ ਪਟਿਆਲਾ ਕੇਂਦਰੀ ਜੇਲ੍ਹ ਵਿੱਚ ਬੰਦ ਯੂਥ ਕਾਂਗਰਸ ਆਗੂਆਂ ਨਾਲ ਮੁਲਾਕਾਤ ਕਰਨ ਤੋਂ ਰੋਕਣ 'ਤੇ ਭਗਵੰਤ ਮਾਨ ਸਰਕਾਰ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਪੂਰੀ ਤਰ੍ਹਾਂ ਤਾਨਾਸ਼ਾਹੀ 'ਤੇ ਉੱਤਰ ਆਈ ਹੈ।ਸਰਕਾਰ ਨੂੰ ਨਾ ਲੋਕਤੰਤਰ ਦੀ ਕੋਈ ਪ੍ਰਵਾਹ ਹੈ ਤੇ ਨਾ ਹੀ ਲੋਕਾਂ ਦੇ ਅਧਿਕਾਰਾਂ ਦੀ।ਅੱਜ ਹਾਲਾਤ ਇਹ ਹਨ ਕਿ ਵਿਰੋਧੀ ਧਿਰ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਜੇਲ੍ਹ ਵਿੱਚ ਬੰਦ ਨੌਜਵਾਨਾਂ ਨਾਲ ਮਿਲਣ ਤੱਕ ਨਹੀਂ ਦਿੱਤਾ ਜਾ ਰਿਹਾ।ਪੁਲਸ ਤੇ ਜੇਲ੍ਹ ਪ੍ਰਸ਼ਾਸਨ ਨੂੰ ਸਰਕਾਰ ਨੇ ਸਿਆਸੀ ਬਦਲਾਖੋਰੀ ਦਾ ਹਥਿਆਰ ਬਣਾ ਦਿੱਤਾ ਹੈ।ਪਰਗਟ ਸਿੰਘ ਨੇ ਕਿਹਾ ਕਿ ਉਹ ਸਿਰਫ਼ ਜੇਲ੍ਹ ਵਿੱਚ ਬੰਦ ਨੌਜਵਾਨਾਂ ਨਾਲ ਮੁਲਾਕਾਤ ਕਰਨਾ ਚਾਹੁੰਦੇ ਸਨ, ਪਰ ਸਰਕਾਰ ਨੇ ਰੋਕ ਕੇ ਸਾਬਤ ਕਰ ਦਿੱਤਾ ਕਿ ਉਸ ਨੂੰ ਸੱਚ ਤੇ ਸਵਾਲਾਂ ਤੋਂ ਕਿੰਨਾ ਡਰ ਲੱਗਦਾ ਹੈ।ਪਰਗਟ ਸਿੰਘ ਨੇ ਕਿਹਾ ਕਿ ਪੀਸੀਐੱਸ ਭਰਤੀ ਪ੍ਰੀਖਿਆ ਵਿੱਚ ਬੇਨਿਯਮੀਆਂ ਦੀ ਨਿਰਪੱਖ ਜਾਂਚ ਦੀ ਮੰਗ ਕਰਨਾ ਕੀ ਕੋਈ ਗੁਨਾਹ ਹੈ? ਯੂਥ ਕਾਂਗਰਸ ਦੇ ਆਗੂ ਪੰਜਾਬ ਦੇ ਮਿਹਨਤੀ ਨੌਜਵਾਨਾਂ ਦੇ ਭਵਿੱਖ ਦੀ ਲੜਾਈ ਲੜ ਰਹੇ ਸਨ, ਪਰ ਭਗਵੰਤ ਮਾਨ ਸਰਕਾਰ ਨੇ ਜਵਾਬ ਦੇਣ ਦੀ ਬਜਾਏ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ।ਪੀਸੀਐੱਸ ਭਰਤੀ ਹੀ ਨਹੀਂ, ਸਗੋਂ ਗਮਾਡਾ ਵਿੱਚ 10 ਹਜ਼ਾਰ ਕਰੋੜ ਰੁਪਏ ਦੇ ਘੁਟਾਲੇ ਤੋਂ ਇਲਾਵਾ ਬਾਬਾ ਫਰੀਦ ਯੂਨੀਵਰਸਿਟੀ ਵਿੱਚ ਵੀ ਇਸ ਤੋਂ ਵੱਡੇ ਘੁਟਾਲਿਆਂ ਦੇ ਮਾਮਲੇ ਸਾਹਮਣੇ ਆਏ ਹਨ।ਆਖ਼ਰ ਇਨ੍ਹਾਂ ਘੁਟਾਲਿਆਂ ਦੀ ਜ਼ਿੰਮੇਵਾਰੀ ਕੌਣ ਲਵੇਗਾ? ਭਗਵੰਤ ਮਾਨ ਜੀ, ਕੰਨ ਖੋਲ੍ਹ ਕੇ ਸੁਣ ਲਓ, ਪੰਜਾਬ ਦੇ ਨੌਜਵਾਨਾਂ ਦੀ ਆਵਾਜ਼ ਤੁਹਾਡੀਆਂ ਪੁਲਿਸ ਦੀਆਂ ਲਾਠੀਆਂ ਤੇ ਜੇਲ੍ਹਾਂ ਦੀਆਂ ਸਲਾਖਾਂ ਨਾਲ ਬੰਦ ਨਹੀਂ ਹੋਵੇਗੀ।ਜਿਨ੍ਹਾਂ ਲੋਕਾਂ ਨੇ ਭਰਤੀ ਪ੍ਰਕਿਰਿਆਵਾਂ ਵਿੱਚ ਬੇਨਿਯਮੀਆਂ ਕਰਕੇ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ, ਉਨ੍ਹਾਂ ਨੂੰ ਜਵਾਬ ਦੇਣਾ ਪਵੇਗਾ।ਕਾਂਗਰਸ ਦੀ ਸਰਕਾਰ ਆਉਣ 'ਤੇ ਹਰ ਘੁਟਾਲੇ ਦੀਆਂ ਪਰਤਾਂ ਖੋਲ੍ਹੀਆਂ ਜਾਣਗੀਆਂ ਤੇ ਇਸ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਪਰਗਟ ਸਿੰਘ ਨੇ ਲਲਕਾਰਦਿਆਂ ਕਿਹਾ, 'ਭਗਵੰਤ ਮਾਨ ਜੀ, ਸਾਡੇ ਖ਼ਿਲਾਫ਼ ਭਾਵੇਂ ਸੌ ਪਰਚੇ ਦਰਜ ਕਰ ਲਓ, ਅਸੀਂ ਡਰਨ ਵਾਲੇ ਨਹੀਂ ਹਾਂ।ਪੰਜਾਬ ਦੇ ਨੌਜਵਾਨਾਂ ਦੇ ਹੱਕਾਂ ਦੀ ਲੜਾਈ ਲੜਨਾ ਕੋਈ ਗੁਨਾਹ ਨਹੀਂ ਹੈ।ਜੇਕਰ ਵਿਰੋਧੀ ਧਿਰ ਨੌਜਵਾਨਾਂ ਦੀ ਬਾਂਹ ਨਹੀਂ ਫੜੇਗੀ ਤੇ ਉਨ੍ਹਾਂ ਦੀ ਆਵਾਜ਼ ਨਹੀਂ ਬਣੇਗੀ ਤਾਂ ਫਿਰ ਵਿਰੋਧੀ ਧਿਰ ਵਿੱਚ ਬੈਠਣ ਦਾ ਕੀ ਫਾਇਦਾ? ਤੁਹਾਡੀਆਂ ਜੇਲ੍ਹਾਂ ਤੇ ਤੁਹਾਡੇ ਪਰਚੇ ਸਾਨੂੰ ਡਰਾ ਨਹੀਂ ਸਕਦੇ।ਜਿਨ੍ਹਾਂ ਲੋਕਾਂ ਨੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ, ਉਨ੍ਹਾਂ ਨੂੰ ਜਵਾਬਦੇਹ ਬਣਾ ਕੇ ਰਹਾਂਗੇ।' ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਇਸ ਲੜਾਈ ਨੂੰ ਸੜਕ ਤੋਂ ਲੈ ਕੇ ਸਦਨ ਤੱਕ ਪੂਰੀ ਤਾਕਤ ਨਾਲ ਲੜੇਗੀ।ਭਗਵੰਤ ਮਾਨ ਸਰਕਾਰ ਨੂੰ ਆਪਣੀ ਪੁਲਸ ਦੀ ਧੌਂਸ ਬੰਦ ਕਰਨੀ ਚਾਹੀਦੀ ਹੈ ਅਤੇ ਗ੍ਰਿਫ਼ਤਾਰ ਕੀਤੇ ਗਏ ਸਾਰੇ ਯੂਥ ਕਾਂਗਰਸ ਆਗੂਆਂ ਨੂੰ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ।ਇਸ ਮੌਕੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ, ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ, ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਜ਼ਿਲ੍ਹਾ ਪ੍ਰਧਾਨ ਨਰੇਸ਼ ਦੁੱਗਲ, ਗੌਰਵ ਸੰਧੂ, ਸਾਬਕਾ ਯੂਥ ਕਾਂਗਰਸ ਪ੍ਰਧਾਨ ਮੋਹਿਤ ਮਹਿੰਦਰਾ ਸਮੇਤ ਹੋਰ ਕਾਂਗਰਸੀ ਆਗੂ ਮੌਜੂਦ ਸਨ।

## ਕਾਤਰਾਂ

### ਲੁੱਟ ਦੀ ਕੋਸ਼ਿਸ਼ ਦੌਰਾਨ ਵਾਪਰੇ ਹਾਦਸੇ 'ਚ ਪਤਨੀ ਦੀ ਮੌਤ, ਪਤੀ ਜ਼ਖ਼ਮੀ

**ਮਲੋਟ (ਰਜਿੰਦਰ ਜੁਨੇਜਾ)**-ਮਲੋਟ ਦੇ ਰਿੰਗ ਰੋਡ ਬਾਈਪਾਸ 'ਤੇ ਪਿੰਡ ਕਿੰਗਰਾ ਨੇੜੇ ਦਿਨ-ਦਿਹਾੜੇ ਲੁੱਟ ਦੀ ਨੀਅਤ ਨਾਲ ਕੀਤੇ ਗਏ ਹਮਲੇ ਕਾਰਨ ਇੱਕ ਦਰਦਨਾਕ ਸੜਕ ਹਾਦਸਾ ਵਾਪਰ ਗਿਆ।ਇਸ ਹਾਦਸੇ ਵਿੱਚ 45 ਸਾਲਾ ਔਰਤ ਦੀ ਮੌਤ ਹੋ ਗਈ, ਜਦਕਿ ਉਸ ਦਾ ਪਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।ਪ੍ਰਾਪਤ ਜਾਣਕਾਰੀ ਅਨੁਸਾਰ, ਪਿੰਡ ਕਰਾਈ ਵਾਲਾ ਦੇ ਰਹਿਣ ਵਾਲੇ ਸਰੋਵਰ ਸਿੰਘ ਆਪਣੀ ਪਤਨੀ ਜਸਪ੍ਰੀਤ ਕੌਰ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਚੰਨੂੰ ਰਿਸ਼ਤੇਦਾਰੀ ਵਿੱਚ ਮਿਲ ਕੇ ਵਾਪਸ ਆਪਣੇ ਪਿੰਡ ਜਾ ਰਹੇ ਸਨ, ਜਦੋਂ ਉਹ ਰਥੜੀਆਂ ਦੇ ਰਿੰਗ ਰੋਡ ਬਾਈਪਾਸ 'ਤੇ ਕਿੰਗਰਾ ਨੇੜੇ ਪਹੁੰਚੇ ਤਾਂ ਲੁਟੇਰਿਆਂ ਨੇ ਉਨ੍ਹਾਂ 'ਤੇ ਲੁੱਟ ਦੇ ਇਰਾਦੇ ਨਾਲ ਹਮਲਾ ਕਰ ਦਿੱਤਾ।ਲੁੱਟ ਦੀ ਇਸ ਕੋਸ਼ਿਸ਼ ਦੌਰਾਨ ਉਨ੍ਹਾਂ ਦਾ ਮੋਟਰਸਾਈਕਲ ਬੇਕਾਬੂ ਹੋ ਕੇ ਹੇਠਾਂ ਡਿੱਗ ਪਿਆ।ਹਾਦਸਾ ਇੰਨਾ ਭਿਆਨਕ ਸੀ ਕਿ ਪਤਨੀ ਜਸਪ੍ਰੀਤ ਕੌਰ ਦੀ ਮੌਤ ਹੋ ਗਈ ਤੇ ਪਤੀ ਸਰੋਵਰ ਸਿੰਘ ਜ਼ਖ਼ਮੀ ਹੋ ਗਏ।ਲੁੱਟ-ਖੋਹ ਦੀ ਇਹ ਘਟਨਾ ਜਾਨਲੇਵਾ ਸਾਬਿਤ ਹੋਣ ਕਾਰਨ ਦੇਰ-ਸਵੇਰ ਆਉਣ-ਜਾਣ ਵਾਲੇ ਰਾਹਗੀਰਾਂ ਵਿੱਚ ਡਰ ਤੇ ਖ਼ੌਫ਼ ਦਾ ਮਾਹੌਲ ਬਣਿਆ ਹੋਇਆ ਹੈ।ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਮਾਮਲੇ ਦੀ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

### ਮਹਿਰਾਜ ਤੋਂ ਇਨਸਾਫ਼ ਮਾਰਚ ਅੱਜ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਹਲਕਾ ਰਾਮਪੁਰਾ ਫੂਲ ਦੇ ਸੇਵਾਦਾਰ ਤੇ ਕਾਂਗਰਸ ਦੇ ਸੀਨੀਅਰ ਮੀਤ ਪ

# ਏ ਜੀ ਆਈ ਗਲੋਬਲ ਸਕੂਲ ਵਿੱਚ ਖੇਡ ਮੇਲਾ ਬੜੇ ਉਤਸ਼ਾਹ ਨਾਲ ਕਰਵਾਇਆ

**ਜਲੰਧਰ (ਰਾਜੇਸ਼ ਥਾਪਾ)**- ਸੀ ਬੀ ਐੱਸ ਈ ਤੋਂ ਮਾਨਤਾ ਪ੍ਰਾਪਤ ਏਜੀਆਈ ਗਲੋਬਲ ਸਕੂਲ ਵੱਲੋਂ ਜਲੰਧਰ ਹਾਈਟਸ-2, ਅਰਬਾਨਾ, 66 ਫੁੱਟ ਰੋਡ, ਜਲੰਧਰ ਵਿਖੇ ਆਪਣੇ ਖੇਡ ਮੈਦਾਨ ਵਿੱਚ ਬੜੇ ਉਤਸ਼ਾਹ ਨਾਲ ਖੇਡ ਮੇਲਾ ਕਰਵਾਇਆ




ਗਿਆ।ਇਸ ਖੇਡ ਮੇਲੇ ਵਿੱਚ ਸੈਂਕੜੇ ਬੱਚਿਆਂ ਨੇ ਵੱਖ-ਵੱਖ ਖੇਡਾਂ ਵਿੱਚ ਹਿੱਸਾ ਲਿਆ। ਬੱਚਿਆਂ ਦਾ ਹੌਸਲਾ ਵਧਾਉਣ ਲਈ ਵੱਡੀ ਗਿਣਤੀ ਵਿੱਚ ਮਾਪੇ ਅਤੇ ਦਾਦਾ-ਦਾਦੀ ਵੀ ਪਹੁੰਚੇ। ਸਾਰੇ ਮੈਦਾਨ ਵਿੱਚ ਖੁਸ਼ੀ ਅਤੇ ਉਤਸ਼ਾਹ ਦਾ ਮਾਹੌਲ ਸੀ। ਬੱਚਿਆਂ ਨੇ ਦੌੜਾਂ, ਛਾਲਾਂ ਅਤੇ ਹੋਰ ਖੇਡਾਂ ਵਿੱਚ ਆਪਣੀ ਕਲਾ ਅਤੇ ਖੇਡ ਭਾਵਨਾ ਦਾ ਵਧੀਆ ਪ੍ਰਦਰਸ਼ਨ ਕੀਤਾ। ਇਸ ਮੌਕੇ ਏ ਜੀ ਆਈ ਗਲੋਬਲ ਸਕੂਲ ਦੀ ਚੇਅਰਪਰਸਨ ਸਲਵਿੰਦਰਜੀਤ ਕੌਰ ਅਤੇ ਏਜੀਆਈ ਇੰਫਰਾ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਸੁਖਦੇਵ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਬੱਚਿਆਂ ਦਾ ਹੌਸਲਾ ਵਧਾਇਆ ਅਤੇ ਜੇਤੂ ਬੱਚਿਆਂ ਦੇ ਨਾਲ-ਨਾਲ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਇਨਾਮ ਦਿੱਤੇ। ਸਕੂਲ ਦੀ ਚੇਅਰਪਰਸਨ ਸ਼੍ਰੀਮਤੀ ਸਲਵਿੰਦਰਜੀਤ ਕੌਰ ਨੇ ਕਿਹਾ ਕਿ ਬੱਚਿਆਂ ਦੇ ਜੀਵਨ ਵਿੱਚ ਖੇਡਾਂ ਦਾ ਬਹੁਤ ਮਹੱਤਵ ਹੈ। ਖੇਡਾਂ ਬੱਚਿਆਂ ਨੂੰ ਅਨੁਸ਼ਾਸਨ, ਆਤਮ-ਵਿਸ਼ਵਾਸ, ਮਿਲ ਕੇ ਕੰਮ ਕਰਨਾ ਅਤੇ ਅੱਗੇ ਵਧਣਾ ਸਿਖਾਉਂਦੀਆਂ ਹਨ। ਏ ਜੀ ਆਈ ਇੰਫਰਾ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਸੁਖਦੇਵ ਸਿੰਘ ਨੇ ਕਿਹਾ ਕਿ ਸਾਡਾ ਮਕਸਦ ਬੱਚਿਆਂ ਨੂੰ ਖੇਡਾਂ ਲਈ ਵਧੀਆ ਤੋਂ ਵਧੀਆ ਸਹੂਲਤਾਂ ਦੇਣਾ ਅਤੇ ਉਨ੍ਹਾਂ ਨੂੰ ਤੰਦਰੁਸਤ ਤੇ ਚੁਸਤ ਰਹਿਣ ਲਈ ਉਤਸ਼ਾਹਿਤ ਕਰਨਾ ਹੈ। ਅਸੀਂ ਬੱਚਿਆਂ ਦੀ ਕਾਬਲੀਅਤ ਨੂੰ ਅੱਗੇ ਵਧਾਉਣ ਲਈ ਹਮੇਸ਼ਾ ਸਹਿਯੋਗ ਦਿੰਦੇ ਰਹਾਂਗੇ। ਦੇਵਾਂ ਮੁੱਖ ਮਹਿਮਾਨਾਂ ਨੇ ਇਸ ਖੇਡ ਮੇਲੇ ਨੂੰ ਸਫਲ ਬਣਾਉਣ ਲਈ ਸਕੂਲ ਪ੍ਰਬੰਧਕਾਂ, ਅਧਿਆਪਕਾਂ, ਖੇਡ ਕੋਚਾਂ ਅਤੇ ਮਾਪਿਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਨਾਲਸਾ ਸਕੀਮਾਂ ਨੂੰ ਲਾਗੂ ਕਰਨ ਲਈ ਲੀਗਲ ਏਡ ਕਲੀਨਿਕ ਦਾ ਕੀਤਾ ਦੌਰਾ

**ਬਲਾਚੌਰ (ਜਸਵਿੰਦਰ ਬੈਂਸ)**- ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਮਾਣਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ ਏ ਐਸ ਨਗਰ ਦੇ ਪ੍ਰਾਪਤ ਹੁਕਮਾਂ ਤਹਿਤ



ਅਤੇ ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ, ਜਤਿੰਦਰ ਪਾਲ ਸਿੰਘ ਖੁਰਮੀ ਜੀਆਂ ਦੇ ਦਿਸ਼ਾ ਨਿਰਦੇਸ਼ਾ ਤਹਿਤ ਅਤੇ ਸਿਵਲ ਜੱਜ (ਸੀਨੀਅਰ ਡਿਵੀਜ਼ਨ)/ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ, ਡਾ. ਅਮਨਦੀਪ ਜੀ ਦੀ ਅਗਵਾਈ ਹੇਠ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪਿੰਡ ਗਰਲੋ ਬੇਟ, ਤਹਿਸੀਲ ਬਲਾਚੌਰ ਨਵਾਂਸ਼ਹਿਰ ਵਿਖੇ 16 ਨਵੰਬਰ ਤੋਂ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਵੱਖ-ਵੱਖ ਭਲਾਈ ਅਤੇ ਜਾਗਰੂਕਤ ਸਕੀਮਾਂ ਨੂੰ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਅਤੇ ਆਮ ਲੋਕਾਂ ਤੱਕ ਮੁਫ਼ਤ ਕਾਨੂੰਨੀ ਸਹਾਇਤਾ ਪਹੁੰਚਾਉਣ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ 'ਮੈਗਾ ਡਰਾਈਵ' ਦੀ ਸ਼ੁਰੂਆਤ ਕੀਤੀ ਗਈ ਸੀ ਅਤੇ ਪਿੰਡ ਵਿੱਚ ਲੀਗਲ ਏਡ ਕਲੀਨਕ ਖੋਲ੍ਹਿਆ ਗਿਆ ਸੀ। ਇਸ ਦੇ ਸਬੰਧ ਵਿੱਚ ਸਿਵਲ ਜੱਜ (ਸੀਨੀਅਰ ਡਿਵੀਜ਼ਨ)/ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ, ਡਾ. ਅਮਨਦੀਪ ਜੀਆਂ ਵੱਲੋਂ ਨਾਲਸਾ ਸਕੀਮਾਂ ਨੂੰ ਲਾਗੂ ਕਰਨ ਲਈ ਮੈਗਾ ਡਰਾਈਵ ਮੁਹਿੰਮ ਤਹਿਤ ਖੋਲੇ ਲੀਗਲ ਏਡ ਕਲੀਨਕ ਪਿੰਡ ਗਰਲੋ ਬੇਟ ਦਾ ਦੌਰਾ ਕੀਤਾ ਗਿਆ ਅਤੇ ਹੋ ਰਹੀਆਂ ਗਤੀਵਿਧੀਆਂ ਦਾ ਜਾਇਜ਼ਾ ਲਿਆ ਇਸ ਮੌਕੇ ਪਿੰਡ ਦੇ ਸਰਪੰਚ ਅਤੇ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ। ਇਸ ਮੌਕੇ ਪੀ.ਐਲ.ਵੀ. ਵਿਜੇ ਰਾਣਾ, ਕੁਲਵੰਤ ਧੀਰ, ਜੋਗਾ ਸਿੰਘ ਅਤੇ ਜਸਵਿੰਦਰ ਰਾਣੀ ਵੀ ਮੌਜੂਦ ਸਨ। ਪਿੰਡ ਵਾਸੀਆਂ ਨੂੰ ਨਾਲਸਾ ਦੀਆਂ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ।

# ਪੰਜਾਬੀ ਉਚਾਰਣ ਤੇ ਲੇਖਣਕਾਰੀ ਮੁਕਾਬਲੇ ਕਰਵਾਏ

**ਜਲੰਧਰ (ਕੇਸਰ)**- ਪੰਜਾਬੀ ਭਾਸ਼ਾ ਅਕਾਦਮੀ ਜਲੰਧਰ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਸਾਬਕਾ ਵਾਇਸ ਚਾਂਸਲਰ ਅਤੇ ਉੱਘੇ ਸਿੱਖਿਆ ਸ਼ਾਸ਼ਤਰੀ ਪ੍ਰੋ. ਜੋਗਿੰਦਰ ਸਿੰਘ ਪੁਆਰ ਦੀ ਯਾਦ ਨੂੰ ਸਮਰਪਿਤ 'ਪੰਜਾਬੀ ਉਚਾਰਣ ਅਤੇ ਲੇਖਣਕਾਰੀ ਮੁਕਾਬਲੇ' ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢੱਡਾ ਵਿਖੇ ਕਰਵਾਏ ਗਏ। ਇਸ ਮੌਕੇ ਬੱਚਿਆਂ ਤੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਪੰਜਾਬੀ ਭਾਸ਼ਾ ਅਕਾਦਮੀ ਦੇ ਸਕੱਤਰ ਪ੍ਰੋ. ਸੁਖਵਿੰਦਰ ਸਿੰਘ ਸੰਘਾ ਨੇ ਕਿਹਾ ਕਿ ਪ੍ਰੋ. ਪੁਆਰ ਦੀ ਸੋਚ ਅਨੁਸਾਰ ਇਹ ਮੁਕਾਬਲੇ ਪੰਜਾਬੀ ਭਾਸ਼ਾ ਪ੍ਰਤੀ ਪਿਆਰ ਪੈਦਾ ਕਰਨ ਦੇ ਉਦੇਸ਼ ਅਧੀਨ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਕਰਵਾਏ ਜਾ ਰਹੇ ਹਨ।ਉਨ੍ਹਾਂ ਆਪਣੇ ਸੰਬੋਧਨ ਵਿਚ ਪੰਜਾਬੀ ਭਾਸ਼ਾ ਦੀਆਂ ਧੁਨੀਆਂ ਦੇ ਸ਼ੁੱਧ ਉਚਾਰਣ ਸੰਬੰਧੀ ਭਾਸ਼ਾਈ ਬਾਰੀਕੀਆਂ ਵੀ ਅਧਿਆਪਕਾਂ ਤੇ ਵਿਦਿਆਰਥੀਆਂ ਨਾਲ ਸਾਂਝੀਆਂ ਕੀਤੀਆਂ।ਡਾ. ਸੋਹਨ ਸਿੰਘ ਐਸੋਸੀਏਟ ਪ੍ਰੋਫੈਸਰ ਦਿੱਲੀ ਯੂਨੀਵਰਸਿਟੀ ਦਿੱਲੀ ਨੇ ਕਿਹਾ ਕਿ ਬੇਸ਼ਕ ਅਜੋਕੇ ਸਮੇਂ ਵਿਚ ਕਮਜ਼ੋਰ ਆਰਥਿਕਤਾ ਵਾਲੇ ਵਿਦਿਆਰਥੀ ਹੀ ਜ਼ਿਆਦਾ ਸਰਕਾਰੀ ਸਕੂਲਾਂ ਵਿਚ ਆ ਰਹੇ ਹਨ ਪਰ ਪਰਮਾਤਮਾ ਦੀ ਬਖਸ਼ਿਸ਼ ਅਤੇ ਸਖਤ ਮਿਹਨਤ ਨਾਲ ਇਨਸਾਨ ਕਿਸੇ ਵੀ ਮੁਕਾਮ 'ਤੇ ਪਹੁੰਚ ਸਕਦਾ ਹੈ। ਇਸ ਕਰ ਕੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ। ਇਸ ਸਮਾਗਮ ਦੇ ਆਰੰਭ ਵਿਚ ਸਕੂਲ ਦੇ ਪ੍ਰਿੰਸੀਪਲ ਭੁਪਿੰਦਰ ਸਿੰਘ ਨੇ ਸਾਰਿਆਂ ਨੂੰ 'ਜੀ ਆਇਆਂ' ਆਖਿਆ ਅਤੇ ਪ੍ਰੋਫੈਸਰ ਪੁਆਰ ਦੀ ਸੋਚ ਅਨੁਸਾਰ ਪੰਜਾਬੀ ਉਚਾਰਣ ਅਤੇ ਲੇਖਣਕਾਰੀ ਦੇ ਨਵੰਬਰ ਮਹੀਨੇ ਦੇ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਢੱਡਾ ਵਿਖੇ ਕਰਵਾਏ ਜਾਣ ਲਈ ਧੰਨਵਾਦ ਕੀਤਾ।



ਕਰਵਾਏ ਗਏ ਮੁਕਾਬਲਿਆਂ ਵਿਚ ਲਗਭਗ ਸੌ ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਵਿਚੋਂ ਜਪਨੂਰ ਕੌਰ ਨੇ ਪਹਿਲਾ, ਮੋਹਿਤ ਕੁਮਾਰ ਨੇ ਦੂਜਾ ਅਤੇ ਗਗਨਦੀਪ ਨੇ ਤੀਜਾ ਸਥਾਨ ਹਾਸਲ ਕੀਤਾ। ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ ਵੱਲੋਂ ਇਨ੍ਹਾਂ ਵਿਦਿਆਰਥੀਆਂ ਨੂੰ ਜੇਤੂ ਟਰਾਫੀਆਂ ਸਮੇਤ ਕ੍ਰਮਵਾਰ 2100, 1500 ਅਤੇ 1100 ਰੁਪਏ ਦੇ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਅਤੇ ਸਟਾਫ ਵੱਲੋਂ ਅਕਾਦਮੀ ਦੇ ਆਏ ਹੋਏ ਮੈਂਬਰਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਪੰਜਾਬੀ ਭਾਸ਼ਾ ਅਕਾਦਮੀ ਦੇ ਖਜਾਨਚੀ ਮਾਸਟਰ ਬਲਦੇਵ ਖੁੱਲਰ, ਮੁਕਾਬਲਿਆਂ ਦੀ ਕੋਆਰਡੀਨੇਟਰ ਡਾ. ਅਮਰਜੀਤ ਕੌਰ ਸਮੇਤ ਮੈਡਮ ਜਸਵੀਰ ਕੌਰ, ਮੈਡਮ ਸੰਦੀਪ ਕੌਰ, ਮੈਡਮ ਦਿਨੇਸ਼ ਕੁਮਾਰੀ, ਮੈਡਮ ਮਨਦੀਪ ਕੌਰ, ਮੈਡਮ ਸੁਖਜੀਤ ਕੌਰ, ਮੈਡਮ ਊਸ਼ਾ ਜੱਸੀ, ਮੈਡਮ ਨਿਧੀ ਸ਼ਰਮਾ ਆਦਿ ਹਾਜ਼ਰ ਸਨ।

## ਨਗਰ ਕੀਰਤਨ 'ਚ ਡਿਪਟੀ ਕਮਿਸ਼ਨਰ ਤੇ ਪੁਲਸ ਕਮਿਸ਼ਨਰ ਨੇ ਕੀਤੀ ਸ਼ਿਰਕਤ



**ਜਲੰਧਰ (ਇਕਬਾਲ ਸਿੰਘ ਉੱਭੀ, ਸੁਰਿੰਦਰ ਕੁਮਾਰ, ਰਾਜੇਸ਼ ਥਾਪਾ, ਸ਼ੈਲੀ ਐਲਬਰਟ)**- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਅੱਜ ਸ਼ਹਿਰ ਵਿੱਚ ਸਜਾਏ ਗਏ ਵਿਸ਼ਾਲ ਨਗਰ ਕੀਰਤਨ ਵਿੱਚ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਅਤੇ ਪੁਲਸ ਕਮਿਸ਼ਨਰ ਸਤਿੰਦਰ ਸਿੰਘ ਨੇ ਸ਼ਿਰਕਤ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋ ਕੇ ਮੱਥਾ ਟੇਕਿਆ ਅਤੇ ਜ਼ਿਲ੍ਹਾ ਵਾਸੀਆਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਸਮੂਹ ਸੰਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਬਾਣੀ ਅਤੇ ਸਿੱਖਿਆਵਾਂ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਵਨ ਬਾਣੀ ਸਮੁੱਚੀ ਲੋਕਾਈ ਨੂੰ ਸੱਚ, ਬਰਾਬਰੀ, ਕਿਰਤ ਅਤੇ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਸਮਾਜ ਵਿੱਚ ਪਿਆਰ, ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ। ਉਨ੍ਹਾਂ ਸਮੂਹ ਸੰਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਮਨੁੱਖਤਾ ਦੀ ਸੇਵਾ, ਲੋੜਵੰਦਾਂ ਦੀ ਸਹਾਇਤਾ ਅਤੇ ਸਮਾਜ ਦੀ ਭਲਾਈ ਦੇ ਕਾਰਜਾਂ ਵਿੱਚ ਵਧ-ਚੜ੍ਹ ਕੇ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਵੱਡੀ ਗਿਣਤੀ ਸੰਗਤ ਤੋਂ ਇਲਾਵਾ ਡੀ ਸੀ ਪੀ ਪਰਮਿੰਦਰ ਸਿੰਘ ਹੀਰ ਅਤੇ ਹੋਰ ਸ਼ਖਸੀਅਤਾਂ ਵੀ ਮੌਜੂਦ ਸਨ।

## ਜਥੇਦਾਰ ਗੜ੍ਹਗੱਜ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਹੋਏ ਨਤਮਸਤਕ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਨਗਰੀ ਸੁਲਤਾਨਪੁਰ ਲੋਧੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਸਬੰਧੀ ਧਾਰਮਿਕ ਸਰਗਰਮੀਆਂ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਚੱਲ ਰਹੀਆਂ ਹਨ। ਇਸੇ ਲੜੀ ਤਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜ੍ਹਗੱਜ ਵਿਸ਼ੇਸ਼ ਤੌਰ 'ਤੇ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਗੁਰੂ ਚਰਨਾਂ ਵਿੱਚ ਸੀਸ ਨਿਵਾ ਕੇ ਸਰਬੱਤ ਦੇ ਭਲੇ, ਸੰਸਾਰ ਵਿੱਚ ਸੁੱਖ-ਸ਼ਾਂਤੀ ਅਤੇ ਮਨੁੱਖਤਾ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਉਨ੍ਹਾਂ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ ਅਤੇ ਆਗਾਮੀ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਲਈ ਸਮੂਹ ਸਿੱਖ ਸੰਗਤ ਨੂੰ ਅਪੀਲ ਕੀਤੀ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜ੍ਹਗੱਜ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਦੀ ਮਹਾਨਤਾ ਬਿਆਨ ਕਰਦਿਆਂ ਕਿਹਾ ਕਿ 'ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧੂ ਜਗਿ ਚਾਨਣੁ ਹੋਆ।' ਗੁਰੂ ਨਾਨਕ ਪਾਤਸ਼ਾਹ ਜੀ ਦਾ ਇਸ ਧਰਤੀ 'ਤੇ ਪ੍ਰਕਾਸ਼ ਮਨੁੱਖਤਾ ਲਈ ਉਹ ਮਹਾਨ ਵਰਦਾਨ ਸੀ, ਜਿਸ ਨੇ ਅਗਿਆਨਤਾ ਅਤੇ ਹਨੇਰੇ ਵਿੱਚ ਭਟਕ ਰਹੀ ਦੁਨੀਆ ਨੂੰ ਸੱਚ, ਗਿਆਨ, ਬਰਾਬਰੀ, ਸੇਵਾ ਅਤੇ ਸਰਬ ਸਾਂਝੀਵਾਲਤਾ ਦਾ ਰਾਹ ਦਿਖਾਇਆ। ਜਥੇਦਾਰ ਸਾਹਿਬ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਨੂੰ ਸਮੁੱਚੇ ਖਾਲਸਾ ਪੰਥ ਵੱਲੋਂ ਪੰਥ ਦੀ ਨੁਮਾਇੰਦਾ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਹੇਠ ਬੜੀ ਸ਼ਰਧਾ, ਉਤਸ਼ਾਹ ਅਤੇ ਧਾਰਮਿਕ ਮਰਿਆਦਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ 23 ਨਵੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ, ਜਦਕਿ 24 ਅਤੇ 25 ਨਵੰਬਰ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਏ ਜਾਣਗੇ। ਉਨ੍ਹਾਂ ਸਮੁੱਚੀ ਸਿੱਖ ਸੰਗਤ, ਖ਼ਾਸ ਕਰਕੇ ਪੰਜਾਬ ਅਤੇ ਦੇਸ਼-ਵਿਦੇਸ਼ ਵਿੱਚ ਵੱਸਦੇ ਗੁਰੂ ਨਾਨਕ ਨਾਮ ਲੇਵਾ ਪਰਵਾਰਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਪਵਿੱਤਰ ਸਮਾਗਮਾਂ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ। ਉਨ੍ਹਾਂ ਕਿਹਾ ਕਿ ਸੰਗਤ ਗੁਰਦੁਆਰਾ ਸ੍ਰੀ ਬੇਰ ਸਾਹਿਬ, ਗੁਰਦੁਆਰਾ ਸ੍ਰੀ ਹੱਟ ਸਾਹਿਬ ਅਤੇ ਗੁਰੂ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਹੋਰ ਇਤਿਹਾਸਕ ਅਸਥਾਨਾਂ ਦੇ ਦਰਸ਼ਨ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੇ। ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਦਾ ਸੁਨੇਹਾ ਦਿੰਦਿਆਂ ਜਥੇਦਾਰ ਸਾਹਿਬ ਨੇ ਕਿਹਾ ਕਿ ਅੱਜ ਸਮਾਜ ਨੂੰ ਇਕਜੁੱਟ ਹੋ ਕੇ ਨਸ਼ਿਆਂ ਵਿਰੁੱਧ ਡਟਣ ਦੀ ਲੋੜ ਹੈ। ਨਸ਼ਾ ਵੇਚਣ ਵਾਲੇ ਲੋਕ ਸਾਡੇ ਸਮਾਜ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੇ ਹਨ। ਉਨ੍ਹਾਂ ਭਾਵੁਕ ਅਪੀਲ ਕਰਦਿਆਂ ਕਿਹਾ ਕਿ ਨੌਜਵਾਨੀ ਨੂੰ ਗੁਰੂ ਸਾਹਿਬ ਜੀ ਦੀ ਬਾਣੀ, ਗੁਰਮਤਿ ਅਤੇ ਸਿੱਖੀ ਜੀਵਨ ਜਾਂਚ ਨਾਲ ਜੋੜਿਆ ਜਾਵੇ। ਨੌਜਵਾਨਾਂ ਨੂੰ ਨਸ਼ਿਆਂ ਦੀ ਥਾਂ ਨਾਮ ਸਿਮਰਨ ਅਤੇ ਗੁਰਬਾਣੀ ਦਾ ਨਸ਼

# 'ਪੰਜਾਬ ਦਾ ਕਰੋੜਪਤੀ' ਨੌਜਵਾਨਾਂ ਦੀ ਬੌਧਿਕ ਸਮਰੱਥਾ ਨੂੰ ਨਿਖਾਰੇਗੀ : ਚੀਮਾ

**ਮੁਹਾਲੀ (ਗੁਰਜੀਤ ਬਿੱਲਾ)**- ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਦਿਆਰਥੀਆਂ ਨੂੰ ਸੂਬਾ ਸਰਕਾਰ ਦੀ ਵਿਲੱਖਣ ਪਹਿਲਕਦਮੀ 'ਪੰਜਾਬ ਦਾ ਕਰੋੜਪਤੀ' ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕਰਦਿਆਂ ਇਸ ਨੂੰ ਨੌਜਵਾਨਾਂ ਦੀ ਬੌਧਿਕ ਸਮਰੱਥਾ ਨੂੰ ਨਿਖਾਰਨ, ਗਿਆਨ ਵਿੱਚ ਵਾਧਾ ਕਰਨ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਵਿੱਚ ਮਦਦਗਾਰ ਸਾਬਤ ਹੋਣ ਵਾਲਾ ਨਵੀਨਤਮ ਮੰਚ ਕਰਾਰ ਦਿੱਤਾ। ਰਿਆਤ ਤੇ ਬਾਹਰਾ ਯੂਨੀਵਰਸਿਟੀ ਖਰੜ ਵਿਖੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਗਈ ਇਹ ਪਹਿਲਕਦਮੀ ਸੂਬਾ ਸਰਕਾਰ ਦੀ ਪੰਜਾਬ ਦੇ ਨੌਜਵਾਨਾਂ ਦੀ ਊਰਜਾ ਨੂੰ ਸਿੱਖਿਆ, ਗਿਆਨ ਅਤੇ ਉਸਾਰੂ ਮੁਕਾਬਲੇਬਾਜ਼ੀ ਵੱਲ ਸੇਧਿਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਇਹ ਮੁਕਾਬਲਾ ਨੌਜਵਾਨਾਂ ਨੂੰ ਆਪਣੇ ਗਿਆਨ ਨੂੰ ਪਰਖਣ, ਪੰਜਾਬ ਦੀ ਅਮੀਰ ਵਿਰਾਸਤ ਬਾਰੇ ਆਪਣੀ ਸਮਝ ਨੂੰ ਹੋਰ ਵਿਸ਼ਾਲ ਕਰਨ ਅਤੇ ਇੱਕ ਕਰੋੜ ਰੁਪਏ ਦੇ ਮੁੱਖ ਇਨਾਮ ਸਮੇਤ ਆਕਰਸ਼ਕ ਨਕਦ ਇਨਾਮ ਜਿੱਤਣ ਦਾ ਮੌਕਾ ਪ੍ਰਦਾਨ ਕਰੇਗਾ। ਇਸ ਪਹਿਲਕਦਮੀ ਦੇ ਅਕਾਦਮਿਕ ਮਹੱਤਵ ਬਾਰੇ ਗੱਲ ਕਰਦਿਆਂ ਚੀਮਾ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ, ਭੂਗੋਲ, ਕਲਾ, ਸੱਭਿਆਚਾਰ, ਆਮ ਗਿਆਨ, ਸਮਕਾਲੀ ਮਾਮਲਿਆਂ, ਯੋਗਤਾ ਅਤੇ ਸ਼ਾਸਨ ਪ੍ਰਬੰਧ ਨਾਲ ਸਬੰਧਤ ਵਿਸ਼ਾਲ ਪ੍ਰਸ਼ਨ ਭੰਡਾਰ ਵਿਦਿਆਰਥੀਆਂ ਦੇ ਗਿਆਨ ਦੇ ਦਾਇਰੇ ਨੂੰ ਵਧਾਉਣ ਵਿੱਚ ਮਦਦਗਾਰ ਹੋਵੇਗਾ।

ਉਨ੍ਹਾਂ ਕਿਹਾ ਕਿ ਕਾਂਸਟੇਬਲ, ਪਟਵਾਰੀ ਅਤੇ ਪੀ ਸੀ ਐੱਸ ਵਰਗੀਆਂ ਭਰਤੀ ਪ੍ਰੀਖਿਆਵਾਂ ਦੇ ਪੈਟਰਨ ਅਨੁਸਾਰ ਤਿਆਰ ਕੀਤੇ ਗਏ ਪ੍ਰਸ਼ਨ ਨੌਜਵਾਨਾਂ ਨੂੰ ਭਵਿੱਖ ਦੀਆਂ ਸਰਕਾਰੀ ਭਰਤੀ ਪ੍ਰੀਖਿਆਵਾਂ ਦੀ ਤਿਆਰੀ ਲਈ ਵੀ ਮਜ਼ਬੂਤ ਕਰਨਗੇ। ਇਸ ਮੌਕੇ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ, ਉਪ ਕੁਲਪਤੀ ਸੰਜੇ ਕੁਮਾਰ, ਆਲਫਾ ਸਕੂਲ ਦੀ ਡਾਇਰੈਕਟਰ ਪੂਜਾ ਸ਼ਰਮਾ ਅਤੇ ਏ ਐੱਸ ਏ ਪੀ ਦੇ ਆਗੂ ਹਰਮਨਪ੍ਰੀਤ ਸਿੰਘ ਖੋਖਰ, ਰਮਨਪ੍ਰੀਤ ਸਿੰਘ ਟਿੱਕਾ ਅਤੇ ਪ੍ਰਭਨੂਰ ਸਿੰਘ ਬੇਦੀ ਨੇ ਵੀ ਵਿਦਿਆਰਥੀਆਂ ਨੂੰ ਇਸ ਮੁਕਾਬਲੇ ਵਿੱਚ ਉਤਸ਼ਾਹ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# ਸਰਕਾਰ ਵੱਲੋਂ 333 ਨਵੇਂ ਕਲੀਨਿਕ ਖੋਲ੍ਹਣ ਦਾ ਐਲਾਨ

**ਨੂਰਮਹਿਲ/ਨਕੋਦਰ (ਬਾਲ ਕ੍ਰਿਸ਼ਨ ਬਾਲੀ, ਬਲਵਿੰਦਰ ਸਿੰਘ ਧਾਲੀਵਾਲ)**- ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ 333 ਨਵੇਂ ਪਿੰਡ ਕਲੀਨਿਕ ਖੋਲ੍ਹਣ ਦਾ ਐਲਾਨ ਕੀਤਾ ਗਿਆ ਹੈ। ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਸੂਬੇ ਵਿੱਚ ਹੋਰ 333 ਨਵੇਂ ਕਲੀਨਿਕ ਖੋਲਣ ਦੇ ਐਲਾਨ ਕਰ ਨਾਲ ਇਨ੍ਹਾਂ ਕਲੀਨਿਕਾਂ ਦੀ ਕੁੱਲ ਗਿਣਤੀ 591 ਹੋ ਜਾਵੇਗੀ।



ਬੀਬੀ ਮਾਨ ਕਿਹਾ ਕਿ ਸੂਬੇ ਵਿੱਚ ਇਸ ਵੇਲੇ 258 ਪਿੰਡ ਕਲੀਨਿਕ ਚੱਲ ਰਹੇ ਹਨ। ਉਹਨਾਂ ਕਿਹਾ ਕਿ ਨਵੰਬਰ ਦੇ ਅੰਤ ਤੱਕ ਸਾਰੇ ਜ਼ਿਲ੍ਹਾ ਸਿਵਲ ਹਸਪਤਾਲਾਂ ਵਿੱਚ ਐੱਮ ਆਰ ਆਈ ਤੇ ਸੀ ਟੀ ਸਕੈਨ ਮਸ਼ੀਨਾਂ ਲਗਾ ਦਿੱਤੀਆਂ ਜਾਣਗੀਆਂ। ਇਹ ਸਿਹਤ ਦੇ ਖੇਤਰ ਵਿੱਚ ਇੱਕ ਵੱਡਾ ਮੀਲ ਪੱਥਰ ਸਾਬਤ ਹੋਵੇਗਾ। ਬੀਬੀ ਮਾਨ ਨੇ ਕਿਹਾ ਹਲਕਾ ਨਕੋਦਰ ਅਧੀਨ ਪਿੰਡ ਅੱਜਲਾ ਪਿੰਡ ਕਲੀਨਿਕ ਤੋਂ ਸਥਾਨਕ ਲੋਕਾਂ ਨੂੰ ਲਾਭ ਮਿਲ ਰਿਹਾ ਹੈ ਜਦੋਂ ਕਿ ਪਿੰਡ ਖੀਵਾ ਅਤੇ ਪਿੰਡ ਗੋਰਸੀਆਂ ਪੀਰਾਂ ਵਿੱਚ ਇਹ ਸਹੂਲਤ ਲੋਕਾਂ ਨੂੰ ਜਲਦ ਦਿਤੀ ਜਾਵੇਗੀ।

# ਨਿਊ ਡੈਮੋਕਰੇਸੀ ਵੱਲੋਂ ਕਾਮਰੇਡ ਸੰਘਾ ਦੀ ਬਰਸੀ ਮੌਕੇ ਸਿਆਸੀ ਕਾਨਫਰੰਸ

**ਬੰਗਾ (ਅਵਤਾਰ ਕਲੇਰ)**- ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊਡੈਮੋਕਰੇਸੀ ਵਲੋਂ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਦੀ 34ਵੀਂ ਬਰਸੀ ਮੌਕੇ ਪਿੰਡ ਸ਼ਹਾਬ ਪੁਰ ਵਿਖੇ ਸਿਆਸੀ ਕਾਨਫਰੰਸ ਕੀਤੀ ਗਈ।ਇਸ ਮੌਕੇ ਬੁਲਾਰਿਆਂ ਨੇ ਲੋਕਾਂ ਨੂੰ ਮੋਦੀ ਸਰਕਾਰ ਦੇ ਫਾਸ਼ੀਵਾਦ ਵਿਰੁੱਧ ਡਟਣ ਦਾ ਸੱਦਾ ਦਿੱਤਾ।ਕਾਮਰੇਡ ਮਾਸਟਰ ਗਿਆਨ ਸਿੰਘ ਸੰਘਾ ਨੂੰ ਖਾਲਿਸਤਾਨੀ ਤਾਕਤਾਂ ਨੇ 20 ਨਵੰਬਰ1992 ਨੂੰ ਸ਼ਹੀਦ ਕਰ ਦਿੱਤਾ ਸੀ। ਕਾਮਰੇਡ ਸੰਘਾ ਦੀ ਯਾਦਗਾਰ ਉੱਤੇ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਪਾਰਟੀ ਦੇ ਆਗੂ ਸ਼ਹੀਦ ਸੰਘਾ ਦੇ ਭਰਾ ਬਲਬੀਰ ਸਿੰਘ ਸੰਘਾ ਵਲੋਂ ਨਿਭਾਈ ਗਈ । ਇਸ ਮੌਕੇ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਸਾਨੂੰ ਸ਼ਹੀਦ ਸਾਥੀ ਸੰਘਾ ਜੀ ਦੇ ਦਰਸਾਏ ਰਾਹ ਉੱਤੇ ਚੱਲਦਿਆਂ ਜਮਾਤੀ ਯੁੱਧ ਨੂੰ ਹੋਰ ਤੇਜ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ ਸਾਥੀ ਸੰਘਾ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ।ਇਸ ਉਪਰੰਤ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੀਨੀਅਰ ਸੂਬਾਈ ਆਗੂਆਂ ਕਾਮਰੇਡ ਦਰਸ਼ਨ ਖਟਕੜ, ਸਰਦਾਰਾ ਸਿੰਘ ਮਾਹਿਲ, ਕੁਲਵਿੰਦਰ ਸਿੰਘ ਵੜੈਚ, ਦਲਜੀਤ ਸਿੰਘ ਐਡਵੋਕੇਟ ਨੇ ਆਖਿਆ ਕਿ ਸ਼ਹੀਦ ਸਾਥੀ ਸੰਘਾ ਦੀ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ । ਉਹਨਾਂ ਨੇ ਮੋਦੀ ਸਰਕਾਰ ਦੇ ਫਾਸ਼ੀਵਾਦ ਵਿਰੁੱਧ ਡੱਟਣ ਦਾ ਸੱਦਾ ਦਿਤਾ।ਉਹਨਾਂ ਕਿਹਾ ਕਿ ਦੁਨੀਆਂ ਵਿਚ ਆਰਥਿਕ ਮੰਦਵਾੜਾ ਵਧ ਰਿਹਾ ਹੈ ।ਨਵੀਂ ਕਿਸਮ ਦਾ ਕੌਮਵਾਦ ਉਭਾਰਿਆ ਜਾ ਰਿਹਾ ਹੈ ।ਨਵੀਂ ਵਿਦਿਆ ਨੀਤੀ ਰਾਹੀਂ ਸਿਰਫ ਇਕ ਵਿਚਾਰ ਲੈਕੇ ਆਂਦਾ ਜਾ ਰਿਹਾ। ਉਹਨਾਂ ਕਿਹਾ ਕਿ ਸਰਕਾਰਾਂ ਬਦਲਣ ਦੇ ਨਾਲ ਕੁਝ ਨਹੀਂ ਬਦਲਣਾ, ਸਮੁੱਚਾ ਪ੍ਰਬੰਧ ਬਦਲਣ ਦੀ ਲੋੜ ਹੈ।



ਇਸ ਮੌਕੇ ਸੀ ਪੀ ਆਈ ਐਮ ਐਲ ਵੱਲੋਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਆਗੂ ਅਰਵਿੰਦਰ ਕੌਰ ਆਜ਼ਾਦ ਨੂੰ ਸੰਘਰਸ਼ਾਂ ਵਿਚ ਪਏ ਗਏ ਯੋਗਦਾਨ ਲਈ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਆਗੂ ਨੂੰ ਓਲਡ ਇਸ ਗੋਲਡ ਫਰੈਂਡਜ ਗਰੁੱਪ ਨਵਾਂਸ਼ਹਿਰ ਵਲੋਂ ਰਘਵਿੰਦਰ ਪਾਲ ਸਿੰਘ ਨੇ ਗੋਲਡ ਮੈਡਲ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਮਾਨਵਤਾ ਕਲਾ ਕੇਂਦਰ ਨਗਰ ਦੀ ਨਾਟਕ ਟੀਮ ਵਲੋਂ ਇਨਕਲਾਬੀ ਕੋਰੀਓਗਰਾਫੀਆਂ ਪੇਸ਼ ਕੀਤੀਆਂ। ਇਸ ਮੌਕੇ ਭੁਪਿੰਦਰ ਸਿੰਘ ਅੰਮ੍ਰਿਤਸਰ ਦੁਆਰਾ ਸੰਪਾਦਤ ਸ਼ਹੀਦ ਜੈਮਲ ਸਿੰਘ ਪੱਡਾ ਦੀ ਕਾਵਿ ਪੁਸਤਕ ਦਾ ਦੂਸਰਾ ਐਡੀਸ਼ਨ ਪਰਵਾਜ਼ ਪੰਜਾਬ ਦੇ ਆਗੂਆਂ ਜਸਬੀਰ ਦੀਪ ਅਤੇ ਹਰੀ ਰਾਮ ਗਸ਼ੂਲਪੁਰੀ ਨੇ ਰਲੀਜ਼ ਕੀਤਾ।ਮੰਚ ਸੰਚਾਲਨਾ ਕਾਮਰੇਡ ਅਵਤਾਰ ਸਿੰਘ ਤਾਰੀ ਨੇ ਕੀਤੀ।ਅੰਤ ਵਿਚ ਕਮਲਜੀਤ ਸਨਾਵਾ ਨੇ ਸਾਰਿਆਂ ਦਾ ਧੰਨਵਾਦ ਕੀਤਾ।

# 26 ਨੂੰ ਕਿਸਾਨਾਂ ਵੱਲੋਂ ਹੋਣ ਵਾਲੇ ਪ੍ਰਦਰਸ਼ਨ 'ਚ ਖੇਤ ਮਜ਼ਦੂਰ ਸਰਗਰਮੀ ਨਾਲ ਹਿੱਸਾ ਲੈਣਗੇ : ਗੋਰੀਆ

**ਸ਼ਾਹਕੋਟ (ਅਮਨਦੀਪ ਸੈਦਪੁਰੀ)**- ਸਮੁੱਚੇ ਭਾਰਤ ਦੀਆਂ ਖੇਤ ਮਜ਼ਦੂਰ ਅਤੇ ਪੇਂਡੂ ਜਥੇਬੰਦੀਆਂ ਨੇ ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਨਵੰਬਰ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਹੈ। ਜਥੇਬੰਦੀਆਂ ਵੱਲੋਂ ਕੀਤੀ ਗਈ ਮੀਟਿੰਗ ਵਿੱਚ ਲਏ ਫੈਸਲੇ ਦੀ ਜਾਣਕਾਰੀ ਦਿੰਦਿਆਂ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਗੁਲਜਾਰ ਸਿੰਘ ਗੋਰੀਆ ਨੇ ਦੱਸਿਆ ਕਿ 26 ਨਵੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਉਲੀਕੇ ਗਏ ਦੇਸ਼ ਵਿਆਪੀ ਰੋਸ ਪ੍ਰਦਰਸ਼ਨਾ ਵਿੱਚ ਮਜ਼ਦੂਰ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ। ਖੇਤ ਮਜ਼ਦੂਰ ਅਤੇ ਕਿਸਾਨ ਪੇਂਡੂ ਉਤਪਾਦਨ ਪ੍ਰਣਾਲੀ ਦੇ ਅਨਿੱਖੜਵੇਂ ਅੰਗ ਹਨ। ਤਿੰਨ ਕਿਸਾਨ ਵਿਰੋਧੀ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਕਿਸਾਨਾਂ ਨੇ ਇਤਿਹਾਸਿਕ ਸੰਘਰਸ਼ ਕੀਤਾ ਸੀ। ਆਖਰ ਮੋਦੀ ਸਰਕਾਰ ਨੂੰ ਝੁਕਣਾ ਪਿਆ ਸੀ। ਹਾਲਾਂਕਿ ਮੋਦੀ ਸਰਕਾਰ ਨੇ 9 ਦਸੰਬਰ 2021 ਦੇ ਸਮਝੌਤੇ ਤਹਿਤ ਕਿਸਾਨਾਂ ਨੂੰ ਦਿੱਤੇ ਗਏ ਭਰੋਸਿਆਂ ਤੋਂ ਪਾਸਾ ਵੱਟ ਲਿਆ ਸੀ। ਸਰਕਾਰ ਘੱਟੋ ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਦੇਣ ਤੋਂ ਲਗਾਤਾਰ ਟਾਲ ਮਟੋਲ ਕਰ ਰਹੀ ਹੈ। ਇਸੇ ਦੇ ਨਾਲ ਹੀ ਉਹ ਅਜਿਹੀਆਂ ਨੀਤੀਆਂ ਅਪਣਾ ਰਹੀ ਹੈ, ਜੋ ਖੇਤੀਬਾੜੀ ਨੂੰ ਕਾਰਪੋਰੇਟ ਸ਼ੋਸ਼ਣ ਦੇ ਹਵਾਲੇ ਕਰਦੀਆਂ ਹਨ। ਫਸਲਾਂ ਦੇ ਲਾਹੇਵੰਦ ਭਾਅ ਨਾ ਮਿਲਣ ਕਾਰਨ ਖੇਤੀ ਸੰਕਟ ਹੋਰ ਗੰਭੀਰ ਹੁੰਦਾ ਜਾ ਰਿਹਾ ਹੈ। ਸਮਾਂ ਮੰਗ ਕਰਦਾ ਹੈ ਕਿ 26 ਨਵੰਬਰ ਨੂੰ ਕਿਸਾਨ ਦਿਵਸ ਤੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਦੀ ਹਮਾਇਤ ਵਿੱਚ ਖੇਤ ਮਜ਼ਦੂਰਾਂ ਤੇ ਪੇਂਡੂ ਮਜ਼ਦੂਰਾਂ ਨੂੰ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਹੈ।

# ਵਿਸ਼ਾ ਮੇਲੇ 'ਚ ਸਰਕਾਰੀ ਹਾਈ ਸਕੂਲ ਤਸਿੰਬਲੀ ਦੀ ਸ਼ਾਨਦਾਰ ਪ੍ਰਾਪਤੀ

**ਲਾਲੜੂ (ਵਿਨੈ ਕੁਮਾਰ ਜੈਨ)**- ਪੀ.ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲਾਲੜੂ ਪਿੰਡ( ਕੰਨਿਆ) ਵਿਖੇ ਦੋ ਰੋਜ਼ਾ ਸਬਜੈਕਟ ਫੇਅਰ (ਵਿਸ਼ਾ ਮੇਲਾ) ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਰਕਾਰੀ ਹਾਈ ਸਕੂਲ ਤਸਿੰਬਲੀ ਦੇ ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਅਧੀਨ ਆਪਣੇ ਮਾਡਲਾਂ ਅਤੇ

**● ਵਿਦਿਆਰਥੀਆਂ ਨੇ ਜਿੱਤੇ ਕਈ ਇਨਾਮ**

ਨਵੀਨਤਮ ਵਿਚਾਰਾਂ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਈ ਇਨਾਮ ਜਿੱਤ ਕੇ ਸਕੂਲ ਦਾ ਨਾਅ ਰੌਸ਼ਨ ਕੀਤਾ। ਮੇਲੇ ਦੇ ਪਹਿਲੇ ਦਿਨ ਜੂਨੀਅਰ ਵਿੰਗ ਵਿੱਚ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਅੱਠਵੀਂ ਜਮਾਤ ਦੀ ਮੁਸਕਾਨ ਅਤੇ ਛੇਵੀਂ ਜਮਾਤ ਦੀ ਮਾਹੀ ਨੇ ਰੀਅਲ ਲਾਈਫ ਐਪਲੀਕੇਸ਼ਨਜ਼ ਵਿਸ਼ੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੱਠਵੀਂ ਜਮਾਤ ਦੀ ਕੀਰਤੀ ਕੌਰ ਅਤੇ ਖੁਸ਼ੀ ਨੇ ਭਾਰਤੀ ਸੱਭਿਆਚਾਰਕ ਵਿਰਸਾ-ਬੀਤਿਆ ਕੱਲ੍ਹ, ਅੱਜ ਅਤੇ ਆਉਣ ਵਾਲਾ ਕੱਲ੍ਹ ਵਿਸ਼ੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਸੱਤਵੀਂ ਜਮਾਤ ਦੀ ਖੁਸ਼ਬੂ ਕੁਮਾਰੀ ਅਤੇ ਅਦਿਤੀ ਨੇ ਕਲਾ ਏਕੀਕ੍ਰਿਤ ਸਿੱਖਿਆ ਵਿਸ਼ੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।ਮੇਲੇ ਦੇ ਦੂਜੇ ਦਿਨ ਸੀਨੀਅਰ ਵਿੰਗ ਵਿੱਚ ਵੀ ਸਕੂਲ ਦੇ ਵਿਦਿਆਰਥੀਆਂ ਨੇ ਕੀਤਾ। ਦਸਵੀਂ ਜਮਾਤ ਦੀ ਆਸਥਾ ਅਤੇ ਇਸ਼ਪ੍ਰੀਤ ਕੌਰ ਨੇ ਕਲਾ ਏਕੀਕ੍ਰਿਤ ਸਿੱਖਿਆ ਵਿਸ਼ੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦੀਆਂ ਪ੍ਰਾਪਤੀਆਂ ਵਿੱਚ ਇੱਕ ਹੋਰ



ਆਪਣੀ ਜਿੱਤ ਦਾ ਸਿਲਸਿਲਾ ਜਾਰੀ ਰੱਖਿਆ। ਨੌਵੀਂ ਜਮਾਤ ਦੇ ਅਨਮੋਲਪ੍ਰੀਤ ਸਿੰਘ ਅਤੇ ਜਗਜੀਤ ਸਿੰਘ ਨੇ ਰੀਅਲ ਲਾਈਫ ਐਪਲੀਕੇਸ਼ਨਜ਼ ਵਿਸ਼ੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।

ਨੌਵੀਂ ਜਮਾਤ ਦੀ ਜਸਨਪ੍ਰੀਤ ਕੌਰ ਅਤੇ ਜਸਪ੍ਰੀਤ ਨੇ ਭਾਰਤੀ ਸੱਭਿਆਚਾਰਕ ਵਿਰਸਾ-ਬੀਤਿਆ ਕੱਲ੍ਹ, ਅੱਜ ਅਤੇ ਆਉਣ ਵਾਲਾ ਕੱਲ੍ਹ ਵਿਸ਼ੇ ਵਿੱਚ ਪਹਿਲਾ ਸਥਾਨ ਹਾਸਲ ਵਾਧਾ ਕੀਤਾ। ਇਹ ਸਾਰੀਆਂ ਪ੍ਰਾਪਤੀਆਂ ਸਕੂਲ ਦੀ ਮੁੱਖ ਅਧਿਆਪਕਾ ਸੁਧਾ ਧਮੀਜਾ ਦੀ ਯੋਗ ਅਗਵਾਈ ਅਤੇ ਪੰਜਾਬੀ ਅਧਿਆਪਕਾ ਅਨੂ ਦੇਵੀ, ਸਾਇੰਸ ਅਧਿਆਪਕਾਵਾਂ ਮਾਧੁਰੀ ਮੌਰਿਆ ਤੇ ਪਾਰੁਲ ਦੇ ਮਾਰਗਦਰਸ਼ਨ ਸਦਕਾ ਸੰਭਵ ਹੋਈਆਂ। ਮੁੱਖ ਅਧਿਆਪਕਾ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅਧਿਆਪਕਾਂ ਦੇ ਯਤਨਾਂ ਦੀ ਵੀ ਭਰਪੂਰ ਸ਼ਲਾਘਾ ਕੀਤੀ।

# ਲੋਹਟੀਆ ਵੱਲੋਂ ਪੰਚਾਇਤਾਂ ਤੇ ਸਰਪੰਚਾਂ ਨਾਲ ਲੋਕ ਮਿਲਣੀ

**ਫਿਲੌਰ (ਨਿਰਮਲ)**- ਹਲਕਾ ਫਿਲੌਰ ਦੇ ਸਰਬਪੱਖੀ ਵਿਕਾਸ ਨੂੰ ਹੋਰ ਤੇਜ਼ ਕਰਨ ਅਤੇ ਪਿੰਡਾਂ ਦੀਆਂ ਸਮੱਸਿਆਵਾਂ ਨੂੰ ਜ਼ਮੀਨੀ ਪੱਧਰ 'ਤੇ ਹੱਲ ਕਰਨ ਦੇ ਮਕਸਦ ਨਾਲ ਹਰਜੋਤ ਕੌਰ ਲੋਹਟੀਆ ਵੱਲੋਂ ਹਲਕੇ ਦੀਆਂ ਵੱਖ-ਵੱਖ ਗ੍ਰਾਮ ਪੰਚਾਇਤਾਂ ਅਤੇ ਸਰਪੰਚਾਂ ਨਾਲ ਇੱਕ ਵਿਸ਼ੇਸ਼ ਲੋਕ ਮਿਲਣੀ ਕੀਤੀ ਗਈ। ਇਕੱਤਰਤਾ ਦੌਰਾਨ ਪਿੰਡਾਂ ਦੇ ਬੁਨਿਆਦੀ ਢਾਂਚੇ, ਚੱਲ ਰਹੇ ਵਿਕਾਸ ਕਾਰਜਾਂ ਅਤੇ ਭਵਿੱਖ ਦੀਆਂ ਰਣਨੀਤੀਆਂ ਬਾਰੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਮੈਡਮ ਹਰਜੋਤ ਕੌਰ ਲੋਹਟੀਆ ਨੇ ਕਿਹਾ ਕਿ ਪਿੰਡਾਂ ਦੀ ਤਰੱਕੀ ਤੋਂ ਬਿਨਾਂ ਸੂਬੇ ਦਾ ਵਿਕਾਸ ਅਧੂਰਾ ਹੈ। ਉਨ੍ਹਾਂ ਨੇ ਪਿਛਲੇ ਸਮੇਂ ਦੌਰਾਨ ਸਰਕਾਰ ਵੱਲੋਂ ਹਲਕਾ ਫਿਲੌਰ ਵਿੱਚ ਕਰਵਾਏ ਗਏ ਇਤਿਹਾਸਕ ਵਿਕਾਸ ਕਾਰਜਾਂ ਦਾ ਲੇਖਾ-ਜੋਖਾ ਪੇਸ਼ ਕਰਦਿਆਂ ਦੱਸਿਆ ਕਿ ਸਿੱਖਿਆ, ਸਿਹਤ ਸਹੂਲਤਾਂ, ਪੀਣ ਵਾਲੇ ਸਾਫ਼ ਪਾਣੀ ਅਤੇ ਪਿੰਡਾਂ ਦੀਆਂ ਲਿੰਕ ਸੜਕਾਂ ਦੇ ਸੁਧਾਰ ਲਈ ਵੱਡੇ ਪੱਧਰ' ਕੰਮ ਕੀਤਾ ਗਿਆ ਹੈ। ਉਨ੍ਹਾਂ ਮੌਜੂਦਾ ਸਮੇਂ ਵਿੱਚ ਚੱਲ ਰਹੀਆਂ ਲੋਕ-ਭਲਾਈ ਸਕੀਮਾਂ ਬਾਰੇ ਵੀ ਪੰਚਾਇਤਾਂ ਨੂੰ



ਜਾਣੂ ਕਰਵਾਇਆ ਤਾਂ ਜੋ ਹਰ ਲੋੜਵੰਦ ਪਰਿਵਾਰ ਤੱਕ ਸਰਕਾਰੀ ਸਹੂਲਤਾਂ ਦਾ ਲਾਭ ਪਹੁੰਚ ਸਕੇ। ਮੀਟਿੰਗ ਵਿੱਚ ਹਾਜ਼ਰ ਸਰਪੰਚਾਂ ਅਤੇ ਪੰਚਾਇਤ ਮੈਂਬਰਾਂ ਨੇ ਆਪਣੇ-ਆਪਣੇ ਪਿੰਡਾਂ ਦੀਆਂ ਮੰਗਾਂ ਅਤੇ ਸੁਝਾਅ ਮੈਡਮ ਲੋਟੀਆ ਅਤੇ ਸਮੁੱਚੀ ਲੀਡਰਸ

# ਅਧਿਆਪਕ ਦਲ ਪੰਜਾਬ ਨੇ ਨਗਰ ਕੀਰਤਨ 'ਤੇ ਛੁੱਟੀ ਕਰਨ ਦੀ ਕੀਤੀ ਮੰਗ



ਸੁਲਤਾਨਪੁਰ ਲੋਧੀ (ਹਨੀ)-ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਦੇ ਸੰਬੰਧ ਵਿੱਚ 23 ਨਵੰਬਰ ਨੂੰ ਕੱਢੇ ਜਾ ਰਹੇ ਗੁਰਦੁਆਰਾ ਸ੍ਰੀ ਸੰਤ ਘਾਟ ਤੋਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੱਕ ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਲਈ ਅਧਿਆਪਕ ਦਲ ਪੰਜਾਬ ਵੱਲੋਂ ਸਬ ਡਿਵੀਜ਼ਨ ਸੁਲਤਾਨਪੁਰ ਲੋਧੀ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਤੋਂ ਪੂਰੀ ਛੁੱਟੀ ਦੀ ਮੰਗ ਕੀਤੀ ਹੈ। ਇਸ ਸਬੰਧੀ ਅਧਿਆਪਕ ਦਲ ਪੰਜਾਬ ਦੇ ਜਿਲ੍ਹਾ ਪ੍ਰਧਾਨ ਸੁਖਦਿਆਲ ਸਿੰਘ ਝੰਡ,ਜਿਲ੍ਹਾ ਜਨਰਲ ਸਕੱਤਰ ਮਨਜਿੰਦਰ ਸਿੰਘ ਧੰਜੂ,ਰਜੇਸ਼ ਜੌਲੀ ਸੀਨੀਅਰ ਮੀਤ ਪ੍ਰਧਾਨ,ਭਜਨ ਸਿੰਘ ਮਾਨ ਮੀਤ ਪ੍ਰਧਾਨ ਆਦਿ ਆਗੂਆਂ ਨੇ ਕਿਹਾ ਕਿ 24 ਨਵੰਬਰ ਦਿਨ ਮੰਗਲਵਾਰ ਨੂੰ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਪੁਰਬ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਪੂਰੀ ਦੁਨੀਆ ਵਿੱਚ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਉੱਥੇ ਹੀ ਉਸ ਤੋਂ ਇੱਕ ਦਿਨ ਪਹਿਲਾਂ 23 ਨਵੰਬਰ ਦਿਨ ਸ਼ਨੀਵਾਰ ਨੂੰ ਸੁਲਤਾਨਪੁਰ ਲੋਧੀ ਵਿਚ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ ਜਿਸ ਵਿੱਚ ਸਕੂਲੀ ਵਿਦਿਆਰਥੀ, ਅਧਿਆਪਕ ਤੇ ਹੋਰ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਦੇ ਸਰਕਾਰੀ ਕਰਮਚਾਰੀ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਭਾਗ ਲੈਂਦੇ ਹਨ। ਪਰ ਉਸ ਦਿਨ ਛੁੱਟੀ ਨਾ ਹੋਣ ਕਾਰਨ ਵਿਦਿਆਰਥੀ ਅਧਿਆਪਕ ਤੇ ਹੋਰ ਕਰਮਚਾਰੀ ਇਸ ਨਗਰ ਕੀਰਤਨ ਵਿੱਚ ਭਾਗ ਨਹੀਂ ਲੈ ਸਕਦੇ।

ਸਮੂਹ ਅਧਿਆਪਕ ਜਥੇਬੰਦੀਆਂ ਦੇ ਆਗੂਆਂ ਨੇ ਡਿਪਟੀ ਕਮਿਸ਼ਨਰ ਕਪੂਰਥਲਾ ਤੋਂ ਮੰਗ ਕੀਤੀ ਹੈ ਕਿ 23 ਨਵੰਬਰ ਦਿਨ ਸੋਮਵਾਰ ਨੂੰ ਸਬ ਡਿਵੀਜ਼ਨ ਸੁਲਤਾਨਪੁਰ ਲੋਧੀ ਵਿੱਚ ਪੂਰਨ ਤੌਰ ਤੇ ਛੁੱਟੀ ਦਾ ਐਲਾਨ ਕੀਤਾ ਜਾਵੇ ਤਾਂ, ਕਿ ਕਿਸੇ ਵੀ ਵਿਦਿਆਰਥੀ, ਅਧਿਆਪਕ ਜਾਂ ਹੋਰ ਸਰਕਾਰੀ ਕਰਮਚਾਰੀ ਨੂੰ ਨਗਰ ਕੀਰਤਨ ਵਿੱਚ ਭਾਗ ਲੈਣ ਵਿੱਚ ਕੋਈ ਮੁਸ਼ਕਿਲ ਨਾ ਆਵੇ।ਇਸ ਮੌਕੇ ਤੇ ਸੁਖਜਿੰਦਰ ਸਿੰਘ ਢੋਲਣ, ਅਮਰੀਕ ਸਿੰਘ ਰੰਧਾਵਾ, ਰਕੇਸ਼ ਸਾਨਿਆਲ, ਜਗਜੀਤ ਸਿੰਘ ਮਿਰਜਾਪੁਰ, ਗੁਰਮੀਤ ਸਿੰਘ ਖਾਲਸਾ, ਵਨੀਸ਼ ਸ਼ਰਮਾ, ਰਮੇਸ਼ ਕੁਮਾਰ ਭੇਟਾ, ਸਤੀਸ਼ ਕੁਮਾਰ ਟਿੱਬਾ, ਮਨੋਜ ਕੁਮਾਰ ਟਿੱਬਾ, ਰੋਸ਼ਨ ਲਾਲ ਸੈਫਲਾਬਾਦ, ਵਸਣਦੀਪ ਸਿੰਘ ਜੱਜ ਆਦਿ ਅਧਿਆਪਕ ਆਗੂ ਹਾਜ਼ਰ ਸਨ।

# ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਸਮਾਜ ਨੂੰ ਤਿਆਗ ਤੇ ਸਦਭਾਵਨਾ ਦਾ ਸੰਦੇਸ਼ ਦਿੰਦੀਆਂ ਹਨ : ਸੈਣੀ

ਚੰਡੀਗੜ੍ਹ (ਕ੍ਰਿਸ਼ਨ ਗਰਗ)-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪੂਰੀ ਮਨੁੱਖਤਾ ਨੂੰ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦਾ ਅਨਮੋਲ ਸੰਦੇਸ਼ ਦਿੱਤਾ ਹੈ। ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਜੀ ਮਹਾਰਾਜ ਨੇ ਤਿਆਗ ਅਤੇ ਸਾਧਨਾ ਦਾ ਮਾਰਗ ਅਪਣਾ ਕੇ ਸਮਾਜ ਨੂੰ ਅਧਿਆਤਮਿਕ ਦਿਸ਼ਾ ਪ੍ਰਦਾਨ ਕੀਤੀ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅੱਜ ਵੀ ਪੂਰੀ ਮਨੁੱਖਤਾ ਲਈ ਪ੍ਰੇਰਨਾ ਸਰੋਤ ਹਨ। ਨਵੀਂ ਪੀੜ੍ਹੀ ਨੂੰ ਆਪਣੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੋੜਨਾ ਸਾਡਾ ਸਾਰਿਆਂ ਦਾ ਫ਼ਰਜ਼ ਹੈ, ਕਿਉਂਕਿ ਜਿਹੜਾ ਸਮਾਜ ਆਪਣੇ ਇਤਿਹਾਸ ਨੂੰ ਜਾਣਦਾ ਹੈ, ਉਹੀ ਆਪਣੇ ਭਵਿੱਖ ਦਾ ਨਿਰਮਾਣ ਕਰ ਸਕਦਾ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸ਼ਨੀਵਾਰ ਨੂੰ ਕੁਰੂਕਸ਼ੇਤਰ ਦੇ ਲਾਡਵਾ ਵਿੱਚ ਉਦਾਸੀਨ ਸ੍ਰੀ ਬ੍ਰਹਮ ਅਖਾੜਾ ਸਾਹਿਬ ਮਾਂਡੀ ਵਿਖੇ ਬਾਬਾ ਸ੍ਰੀ ਚੰਦ ਮਹਾਰਾਜ ਦੇ 532ਵੇਂ ਪ੍ਰਕਾਸ਼ ਉਤਸਵ 'ਤੇ ਕਰਵਾਏ ਗਏ ਸਮਾਗਮ ਵਿੱਚ ਬੋਲ ਰਹੇ ਸਨ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪਹੁੰਚ ਕੇ ਮੱਥਾ ਟੇਕਿਆ। ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ, ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਣਾ ਨੂੰ ਉਦਾਸੀਨ ਸ੍ਰੀ ਬ੍ਰਹਮ ਅਖਾੜਾ ਸਾਹਿਬ ਦੇ ਸੰਸਥਾਪਕ ਬਾਬਾ ਗੁਰਵਿੰਦਰ ਸਿੰਘ ਮਹਾਰਾਜ ਨੇ ਸਿਰੋਪਾਓ ਪਹਿਨਾ ਕੇ ਸਨਮਾਨਿਤ ਕੀਤਾ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮਨੁੱਖਤਾ ਦੇ ਮਹਾਨ ਸੇਵਕ ਬਾਬਾ ਸ੍ਰੀ ਚੰਦ ਮਹਾਰਾਜ ਦੇ 532ਵੇਂ ਪ੍ਰਕਾਸ਼ ਉਤਸਵ ਦੀ ਸਾਰਿਆਂ ਨੂੰ ਹਾਰਦਿਕ ਵਧਾਈ ਦਿੱਤੀ ਅਤੇ ਬਾਬਾ ਸ੍ਰੀ ਚੰਦ ਮਹਾਰਾਜ ਦੇ ਚਰਨਾਂ ਵਿੱਚ ਸ਼ਰਧਾਪੂਰਵਕ ਨਮਨ ਕੀਤਾ।

# ਡਾਕਟਰ ਵਿਜੇ ਘਈ ਨੂੰ ਵੱਖ-ਵੱਖ ਸਿਆਸੀ ਤੇ ਸਮਾਜ ਸੇਵੀ ਆਗੂਆਂ ਵੱਲੋਂ ਸ਼ਰਧਾਂਜਲੀਆਂ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਸਾਬਕਾ ਮੀਤ ਪ੍ਰਧਾਨ ਡਾਕਟਰ ਵਿਜੇ ਘਈ ਜੋ ਕੁਝ ਦਿਨ ਪਹਿਲਾਂ ਅਚਾਨਕ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਪਰਵਾਰ ਰੱਖੇ ਸ੍ਰੀ ਗਰੁੜ ਪ੍ਰਾਣ ਪਾਠ ਦੇ ਭੋਗ ਉਪਰੰਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਸਥਾਨਕ ਸਥਾਨਕ ਗੁਰਦੁਆਰਾ ਦਰਬਾਰ ਬਾਬਾ ਲਖਮੀ ਚੰਦ ਹਾਲ ਵਿਖੇ ਕਰਵਾਇਆ ਗਿਆ।ਇਸ ਮੌਕੇ ਪੰਡਤ ਹਰੀਸ਼ ਪਿਚੋਰੀ ਵੱਲੋਂ ਗਰੂੜ ਪਾਠ ਦੇ ਭੋਗ ਪਾਏ ਗਏ, ਉਪਰੰਤ ਸ਼ਰਧਾਂਜਲੀ ਸਮਾਗਮ ਦੌਰਾਨ ਡੇਰਾ ਬਾਬਾ ਨਾਨਕ ਤੋਂ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਨਗਰ ਕੌਂਸਲ ਦੇ ਸਾਬਕਾ ਮੀਤ ਪ੍ਰਧਾਨ ਡਾਕਟਰ ਵਿਜੇ ਕੁਮਾਰ ਘਈ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਕਿਹਾ ਕਿ ਡਾਕਟਰ ਵਿਜੇ ਘਈ ਦੇ ਅਕਾਲ ਚਲਾਣਾ ਕਰ ਜਾਣ ਨਾਲ ਜਿੱਥੇ ਪਰਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਉਥੇ ਡੇਰਾ ਬਾਬਾ ਨਾਨਕ ਸ਼ਹਿਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ, ਜੋ ਕਦੇ ਪੂਰਾ ਨਹੀ ਹੋ ਸਕਦਾ।ਉਨ੍ਹਾਂ ਕਿਹਾ ਕਿ ਡਾਕਟਰ ਵਿਜੇ ਘਈ ਬਹੁਤ ਹੀ ਨੇਕ ਦਿਲ ਤੇ ਇਮਾਨਦਾਰ ਇਨਸਾਨ ਸਨ, ਜਿਨ੍ਹਾਂ ਨੇ ਨਗਰ ਕੌਂਸਲ ਦੇ ਮੀਤ ਪ੍ਰਧਾਨ ਹੁੰਦਿਆਂ ਸ਼ਹਿਰ ਦਾ ਵਿਕਾਸ ਬਿਨਾ ਭੇਦ ਭਾਵ ਬਹੁਤ ਹੀ ਸੁਚੱਜੇ ਢੰਗ ਨਾਲ ਕਰਵਾਇਆ ਸੀ।ਇਸ ਮੌਕੇ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਪ੍ਰਧਾਨ ਰਾਜੇਸ਼ ਕੁਮਾਰ ਗੁਪਤਾ, ਸਾਬਕਾ ਨਗਰ ਕੌਂਸਲ ਪ੍ਰਧਾਨ ਕੁਲਵਿੰਦਰ ਸਿੰਘ ਬੇਦੀ, ਸਾਬਕਾ ਕੌਂਸਲਰ ਧਰਮਪਾਲ ਸਿੰਘ, ਭਾਜਪਾ ਜ਼ਿਲ੍ਹਾ ਜਨਰਲ ਸਕੱਤਰ ਰਾਜੂ ਪੰਡਤ, ਵਪਾਰ ਮੰਡਲ ਪ੍ਰਧਾਨ ਵਿਪਨ ਸੋਨੀ, ਸਾਬਕਾ ਕੌਂਸਲਰ ਨਿਰਮਲ ਸ਼ਰਮਾ, ਮਾਸਟਰ ਜੋਗਿੰਦਰ ਪਾਲ ਬੇਦੀ, ਡਾਕਟਰ ਪੰਕਜ ਘਈ, ਸੁਨੀਲ ਕੁਮਾਰ, ਵਿਕਰਮ ਘਈ, ਸਾਬਕਾ ਕੌਂਸਲਰ ਡਾਕਟਰ ਅਸ਼ੋਕ ਸੋਨੀ, ਕਾਮਰੇਡ ਅਸ਼ੋਕ ਕੁਮਾਰ, ਡਰਾਈਵਰ ਪਰਮਜੀਤ ਸਿੰਘ, ਐਡਵੋਕੇਟ ਜਸਵਿੰਦਰ ਸਿੰਘ ਢਿੱਲੇ, ਅਰਜੀਤ ਸਿੰਘ ਗੋਰਾਇਆ, ਗੋਲਡੀ ਸੋਨੀ, ਗੁਰਪ੍ਰੀਤ ਡਿਗਰਾ, ਪ੍ਰੀਤਮ ਸਿੰਘ ਡਿਗਰਾ ਸਾਬਕਾ ਸਰਪੰਚ ਚੰਦੂ ਨੰਗਲ, ਨਰੇਸ਼ ਗੌਦ ਆਦਿ ਹਾਜ਼ਰ ਸਨ।

# ਭਲਕ ਦੀ ਪੈਨਲ ਮੀਟਿੰਗ 'ਚ ਇਨਲਿਸਟਮੈਂਟ-ਆਊਟਸੋਰਸ ਮੁਲਾਜ਼ਮਾਂ ਨੂੰ ਜੁਆਨਿੰਗ ਪੱਤਰ ਦੇਣ ਦਾ ਪ੍ਰੋਸੈੱਸ ਸ਼ੁਰੂ ਕੀਤਾ ਜਾਵੇ : ਵਰਿੰਦਰ ਮੋਮੀ

## ਪੱਕਾ ਰੁਜ਼ਗਾਰ ਕਰਨ 'ਚ ਅਣਦੇਖੀ ਕਰਨ 'ਤੇ 27 ਨੂੰ ਧੂਰੀ ਵਿਖੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਦਾ ਐਲਾਨ

ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ) : ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ. ਨੰਬਰ 31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ, ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਸੀਨੀਅਰ ਮੀਤ ਪ੍ਰਧਾਨ ਹਾਕਮ ਸਿੰਘ ਧਨੇਠਾ, ਸੂਬਾ ਮੀਤ ਪ੍ਰਧਾਨ ਭੁਪਿੰਦਰ ਸਿੰਘ ਕੁਤਬੇਵਾਲ, ਖਜ਼ਾਨਚੀ ਰੁਪਿੰਦਰ ਸਿੰਘ, ਪ੍ਰਚਾਰ ਸਕੱਤਰ ਬਲਜੀਤ ਸਿੰਘ ਭੱਟੀ ਨੇ ਇੱਕ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਪੰਜਾਬ ਸਰਕਾਰ ਵੱਲੋਂ ਮੁਲਾਜ਼ਮ ਮੰਗਾਂ ਪ੍ਰਤੀ ਅਪਣਾਏ ਜਾ ਰਹੇ ਟਾਲ-ਮਟੋਲ ਵਾਲੇ ਰਵੱਈਏ ਦੀ ਸਖ਼ਤ ਨਿਖੇਧੀ ਕੀਤੀ ਹੈ।



*ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਜਾਣਕਾਰੀ ਦਿੰਦੇ ਹੋਏ।*

ਆਗੂਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨਲਿਸਟਮੈਂਟ ਤੇ ਆਊਟਸੋਰਸ ਤਾਲਮੇਲ ਕਮੇਟੀ ਪੰਜਾਬ ਦੀ 20 ਨਵੰਬਰ ਨੂੰ ਪੰਜਾਬ ਸਰਕਾਰ ਦੀ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਤੇ ਵਿੱਤ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ ਨਾਲ ਪੈਨਲ ਮੀਟਿੰਗ ਤੈਅ ਹੋਈ ਸੀ, ਜਿਸ ਨੂੰ ਸਰਕਾਰ ਵੱਲੋਂ ਅਚਾਨਕ ਮੁਲਤਵੀ ਕਰਕੇ ਹੁਣ 23 ਨਵੰਬਰ 2026 ਲਈ ਨਿਸ਼ਚਿਤ ਕੀਤੀ ਗਈ ਹੈ। ਇਸ ਦੇ ਵਿਰੋਧ ਵਿੱਚ ਇਨਲਿਸਟਮੈਂਟ-ਆਊਟਸੋਰਸ ਤਾਲਮੇਲ ਕਮੇਟੀ ਪੰਜਾਬ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਦੇ ਹਲਕੇ ਧੂਰੀ ਵਿਖੇ ਸੂਬਾ ਪੱਧਰੀ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ।

ਯੂਨੀਅਨ ਆਗੂਆਂ ਨੇ ਸਪੱਸ਼ਟ ਕੀਤਾ ਕਿ ਇਸ ਸੂਬਾ ਪੱਧਰੀ ਸੰਘਰਸ਼ ਦੌਰਾਨ ਚੱਕਾ ਜਾਮ ਕਰਕੇ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਪ੍ਰਦਰਸ਼ਨ ਵਿੱਚ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ. 31) ਦੀ ਸੂਬਾ ਵਰਕਿੰਗ ਕਮੇਟੀ ਦੀ ਅਗਵਾਈ ਹੇਠ ਵਿਭਾਗ ਦੇ ਸਮੂਹ ਇਨਲਿਸਟਮੈਂਟ ਤੇ ਆਊਟਸੋਰਸ ਵਰਕਰ ਆਪਣੇ ਪਰਿਵਾਰਾਂ ਤੇ ਬੱਚਿਆਂ ਸਮੇਤ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ। ਯੂਨੀਅਨ ਨੇ ਸਰਕਾਰ ਨੂੰ ਅਲਟੀਮੇਟਮ ਦਿੰਦਿਆਂ ਕਿਹਾ ਕਿ 23 ਨਵੰਬਰ ਨੂੰ ਤਾਲਮੇਲ ਕਮੇਟੀ ਦੀ ਕੈਬਨਿਟ-ਸਬ-ਕਮੇਟੀ ਦੇ ਨਾਲ ਹੋਣ ਵਾਲੀ ਪੈਨਲ ਮੀਟਿੰਗ ਵਿੱਚ ਜੇਕਰ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਨੂੰ ਪੰਜਾਬ ਰਾਜ ਆਊਟਸੋਰਸ ਪਰਸੋਨਲ (ਕੰਟਰੈਕਟੂਅਲ ਇੰਗੇਜਮੈਂਟ ਵਿੱਚ ਤਬਦੀਲੀ) ਬਿੱਲ-2026 ਅਧੀਨ 'ਜੁਆਨਿੰਗ-ਪੱਤਰ' ਦੇਣ ਦਾ ਪ੍ਰੋਸੈੱਸ ਸ਼ੁਰੂ ਕੀਤਾ ਜਾਵੇ। ਜੇਕਰ ਇਹ ਪੈਨਲ ਮੀਟਿੰਗ ਮੁਲਤਵੀ ਕੀਤੀ ਜਾਂਦੀ ਹੈ ਜਾਂ ਫਿਰ ਲਾਰੇ ਲਗਾਉਣ ਦਾ ਸਿਲਸਿਲਾ ਜਾਰੀ ਰੱਖਿਆ ਗਿਆ ਤਾਂ 27 ਨਵੰਬਰ 2026 ਨੂੰ ਮੁੱਖ ਮੰਤਰੀ ਪੰਜਾਬ ਦੇ ਹਲਕੇ ਧੂਰੀ ਦੀ ਧਰਤੀ 'ਤੇ ਇਨਲਿਸਟਮੈਂਟ ਤੇ ਆਊਟਸੋਰਸ ਮੁਲਾਜ਼ਮਾਂ ਦਾ ਵਿਸ਼ਾਲ ਇਕੱਠ ਕਰਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

# ਕਪਾਲ ਮੋਚਨ ਜਾ ਰਹੇ ਸ਼ਰਧਾਲੂਆਂ ਦੀ ਪਿਕਅੱਪ ਪਲਟੀ, 6 ਔਰਤਾਂ ਸਮੇਤ 10 ਜ਼ਖਮੀ

## ਦੋ ਦੀ ਹਾਲਤ ਗੰਭੀਰ, ਪਟਿਆਲਾ ਕੀਤਾ ਰੈਫਰ; ਮੋਟਰਸਾਈਕਲ ਸਵਾਰ ਨੂੰ ਬਚਾਉਂਦਿਆਂ ਵਾਪਰਿਆ ਹਾਦਸਾ

ਭਵਾਨੀਗੜ੍ਹ (ਰਾਜ ਖੁਰਮੀ)-ਭਵਾਨੀਗੜ੍ਹ-ਸੰਗਰੂਰ ਮੁੱਖ ਮਾਰਗ 'ਤੇ ਪਿੰਡ ਹਰਕਿਸ਼ਨਪੁਰਾ ਨੇੜੇ ਕਪਾਲ ਮੋਚਨ ਵਿਖੇ ਮੱਥਾ ਟੇਕਣ ਜਾ ਰਹੇ ਸ਼ਰਧਾਲੂਆਂ ਨਾਲ ਭਰੀ ਪਿਕਅੱਪ ਗੱਡੀ ਬੇਕਾਬੂ ਹੋ ਕੇ ਸੜਕ ਵਿਚਕਾਰ ਪਲਟ ਗਈ।ਇਸ ਦਰਦਨਾਕ ਸੜਕ ਹਾਦਸੇ ਵਿੱਚ 6 ਔਰਤਾਂ ਸਮੇਤ ਕੁੱਲ 10 ਸ਼ਰਧਾਲੂ ਜ਼ਖਮੀ ਹੋ ਗਏ।ਹਾਦਸੇ ਦੌਰਾਨ ਜਾਨੀ ਨੁਕਸਾਨ ਤੋਂ ਬਚਾਅ ਰਿਹਾ, ਜਦਕਿ ਦੋ ਜ਼ਖਮੀਆਂ ਦੀ ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਉਪਰੰਤ ਪਟਿਆਲਾ ਰੈਫਰ ਕਰ ਦਿੱਤਾ ਗਿਆ।ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਸੜਕ ਸੁਰੱਖਿਆ ਫੋਰਸ (ਐੱਸ.ਐੱਸ.ਐੱਫ.) ਦੇ ਇੰਚਾਰਜ ਏ.ਐੱਸ.ਆਈ. ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਹਾਦਸੇ ਦੀ ਸੂਚਨਾ ਮਿਲਦਿਆਂ ਹੀ ਐੱਸ.ਐੱਸ.ਐੱਫ. ਦੀ ਟੀਮ ਤੁਰੰਤ ਮੌਕੇ 'ਤੇ ਪਹੁੰਚ ਗਈ ਤੇ ਬਿਨਾਂ ਦੇਰੀ ਕੀਤੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ।ਮੁੱਢਲੀ ਜਾਣਕਾਰੀ ਅਨੁਸਾਰ ਪਿਕਅੱਪ ਗੱਡੀ ਵਿੱਚ ਸਵਾਰ ਸ਼ਰਧਾਲੂ ਪਿੰਡ ਮਾਨਾ ਪਿੰਡੀ (ਧਨੌਲਾ) ਤੋਂ ਪ੍ਰਸਿੱਧ ਧਾਰਮਿਕ ਅਸਥਾਨ ਕਪਾਲ ਮੋਚਨ ਵਿਖੇ ਮੱਥਾ ਟੇਕਣ ਲਈ ਜਾ ਰਹੇ ਸਨ।ਉਨ੍ਹਾਂ ਦੱਸਿਆ ਕਿ ਜਦੋਂ ਪਿਕਅੱਪ ਗੱਡੀ ਆਈ.ਏ.ਐੱਲ. ਫੈਕਟਰੀ ਨੇੜੇ ਪਹੁੰਚੀ ਤਾਂ ਅਚਾਨਕ ਸੜਕ 'ਤੇ ਆਏ ਇੱਕ ਮੋਟਰਸਾਈਕਲ ਸਵਾਰ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਚਾਲਕ ਗੱਡੀ ਤੋਂ ਆਪਣਾ ਸੰਤੁਲਨ ਗੁਆ ਬੈਠਾ, ਜਿਸ ਕਾਰਨ ਪਿਕਅੱਪ ਬੇਕਾਬੂ ਹੋ ਕੇ ਸੜਕ 'ਤੇ ਪਲਟ ਗਈ।ਹਾਦਸੇ ਤੋਂ ਬਾਅਦ ਮੋਟਰਸਾਈਕਲ ਸਵਾਰ ਮੌਕੇ ਤੋਂ ਫਰਾਰ ਹੋ ਗਿਆ।ਏ.ਐੱਸ.ਆਈ. ਸ਼ਮਸ਼ੇਰ ਸਿੰਘ ਅਨੁਸਾਰ ਹਾਦਸੇ ਵਿੱਚ 6 ਔਰਤਾਂ



ਸਮੇਤ 10 ਵਿਅਕਤੀ ਜ਼ਖਮੀ ਹੋਏ ਹਨ।ਐੱਸ.ਐੱਸ.ਐੱਫ. ਦੀ ਟੀਮ ਵੱਲੋਂ 7 ਜ਼ਖਮੀਆਂ ਨੂੰ ਭਵਾਨੀਗੜ੍ਹ ਦੇ ਇੱਕ ਨਿੱਜੀ ਹਸਪਤਾਲ ਵਿੱਚ ਪਹੁੰਚਾਇਆ ਗਿਆ, ਜਦਕਿ 108 ਐਂਬੂਲੈਂਸ ਰਾਹੀਂ 3 ਜ਼ਖਮੀਆਂ ਨੂੰ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।ਨਿੱਜੀ ਹਸਪਤਾਲ ਵਿੱਚ ਇਲਾਜ ਅਧੀਨ ਦੋ ਜ਼ਖਮੀਆਂ ਦੀ ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਬਿਹਤਰ ਇਲਾਜ ਲਈ ਪਟਿਆਲਾ ਰੈਫਰ ਕਰ ਦਿੱਤਾ ਗਿਆ।ਇਸ ਹਾਦਸੇ ਤੋਂ ਬਾਅਦ ਮੁੱਖ ਮਾਰਗ 'ਤੇ ਕੁਝ ਸਮੇਂ ਲਈ ਹਫੜਾ-ਦਫੜੀ ਦਾ ਮਾਹੌਲ ਬਣ ਗਿਆ।ਐੱਸ.ਐੱਸ.ਐੱਫ. ਦੀ ਤੁਰੰਤ ਕਾਰਵਾਈ ਸਦਕਾ ਜ਼ਖਮੀਆਂ ਨੂੰ ਸਮੇਂ ਸਿਰ ਹਸਪ

# ਨਵਾਂ ਜ਼ਮਾਨਾ ਐਤਵਾਰਤਾ

ਖ਼ੂਨ ਹੁਣ ਭਾਈ ਦਾ ਭਾਈ,
ਪੀਣ ਨੂੰ ਲਲਚਾ ਰਿਹਾ ਏ।
ਕਦਰ ਕਰਦਾ ਕੌਣ ਹੈ,
ਗੁਰਸੇਵਕਾ ਹੁਣ ਰਿਸ਼ਤਿਆਂ ਦੀ।

- ਗੁਰਸੇਵਕ ਸਿੰਘ ਢਿੱਲੋਂ





ਕਿਸਾਨ ਅੰਦੋਲਨ ਤੇ ਫ਼ਿਕਰ..
(ਆਖਰੀ ਸਫ਼ੇ 'ਤੇ)


Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 22 ਨਵੰਬਰ 2026

www.nawanzamana.in

ਕੀਮਤ 5.00 ਰੁਪਏ


# ਇਨਕਲਾਬ ਨੂੰ ਹੀ 'ਦੇਵਤਾ' ਕਹਿਣ ਵਾਲਾ ਭਗਤ ਸਿੰਘ

ਸੁਖਦੇਵ ਅਤੇ ਭਗਵਤੀ ਚਰਨ ਨੇ 1922-23 ਵਿਚ ਨੈਸ਼ਨਲ ਕਾਲਜ, ਲਾਹੌਰ ਵਿੱਚ ਦਾਖਲਾ ਲਿਆ। ਉਹ ਤਿੰਨ-ਚਾਰ ਸਾਲ ਕਾਲਜ ਵਿਚ ਇਕੱਠੇ ਰਹੇ। ਉਸ ਸਮੇਂ 'ਨੌਜਵਾਨ ਭਾਰਤ ਸਭਾ' ਦੀ ਕਾਲਜ ਵਿੱਚ ਬਹੁਤ ਚਰਚਾ ਸੀ। ਇਸ ਸਭਾ ਵਿੱਚ ਦੋ ਵੱਖ-ਵੱਖ ਵਿਚਾਰਧਾਰਾਵਾਂ ਦਾ ਪ੍ਰਚਲਨ ਸੀ, ਕਿਉਂਕਿ ਉਹਨਾਂ ਦਿਨਾਂ ਵਿੱਚ ਭਾਰਤ ਨੂੰ ਪ੍ਰੇਰਨਾ ਜਾਂ ਤਾਂ ਰੂਸ ਅਤੇ ਲੈਨਿਨ ਦੀ ਰੂਸੀ ਕ੍ਰਾਂਤੀ ਤੋਂ ਮਿਲਦੀ ਸੀ ਜਾਂ ਫਿਰ ਆਇਰਲੈਂਡ ਤੋਂ, ਭਾਵ ਡੀ ਵਲੇਰਾ ਅਤੇ ਸਿਨ ਫੇਨੋ (Sinn Fein) ਲਹਿਰ ਤੋਂ।

ਸੁਭਾਵਿਕ ਤੌਰ 'ਤੇ ਨੌਜਵਾਨ ਭਾਰਤ ਸਭਾ ਦੇ ਮੈਂਬਰਾਂ ਉਪਰ ਵੀ ਇਸ ਦਾ ਪ੍ਰਭਾਵ ਪੈਣਾ ਲਾਜ਼ਮੀ ਸੀ, ਨਤੀਜੇ ਵਜੋਂ ਸਭਾ ਵਿਚਾਰਧਾਰਕ ਪੱਖੋਂ ਦੋ ਧੜਿਆਂ ਵਿੱਚ ਵੰਡੀ ਗਈ, ਇੱਕ ਧੜੇ ਦਾ ਜ਼ੋਰ ਆਇਰਿਸ਼ ਕ੍ਰਾਂਤੀ ਅਤੇ ਉਹਨਾਂ ਲੋਕਾਂ ਦੁਆਰਾ ਅਪਣਾਏ ਗਏ ਤਰੀਕਿਆਂ, ਜਿਵੇਂ ਕਿ ਹਥਿਆਰ ਇਕੱਠੇ ਕਰਨੇ, ਬੰਬ ਸੁੱਟਣੇ ਆਦਿ ਤੋਂ ਪ੍ਰੇਰਿਤ ਸੀ ਅਤੇ ਦੂਜਾ ਵਰਗ ਰੂਸੀਆਂ ਨੂੰ ਪਸੰਦ ਕਰਦਾ ਸੀ, ਜਿਹੜਾ ਆਮ ਲੋਕਾਂ, ਪੇਂਡੂ ਕਿਸਾਨਾਂ ਅਤੇ ਫੈਕਟਰੀ ਮਜ਼ਦੂਰਾਂ ਵਿੱਚ ਜਮਾਤੀ ਚੇਤਨਾ ਪੈਦਾ ਕਰਨਾ ਚਾਹੁੰਦੇ ਸਨ। ਸ਼ੁਰੂਆਤ ਵਿੱਚ ਭਗਤ ਸਿੰਘ ਆਇਰਿਸ਼ ਸਮੂਹ ਨਾਲ ਸੰਬੰਧਤ ਸਨ। ਡੈਨ ਬਰੀਨ (Dan Breen) ਦੀ My Fightfor Irish Freedom ਅਤੇ ਪ੍ਰੀ-ਲੁਕਰ (Pre-Looker) ਦੀ Heroes and Heroines of Russia ਭਗਤ ਸਿੰਘ ਦੀਆਂ ਮਨਪਸੰਦ ਕਿਤਾਬਾਂ ਵਿਚ ਸ਼ਾਮਲ ਸਨ। ਇਹ ਬਹੁਤ ਮਹੱਤਵਪੂਰਨ ਕਿਤਾਬਾਂ ਸਨ।

ਸੁਖਦੇਵ ਅਤੇ ਭਗਵਤੀ ਵੀ ਉੱਥੇ ਸਨ। ਉਹ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਦੇ ਮੈਂਬਰ ਸਨ। ਉਹ ਵੀ ਆਇਰਿਸ਼ ਧੜੇ ਨਾਲ ਸੰਬੰਧ ਰੱਖਦੇ ਸਨ। ਸੁਖਦੇਵ, ਕਾਲਜ ਵਿੱਚ ਪੜ੍ਹਾਈ ਪੱਖੋਂ ਠੀਕ-ਠਾਕ ਹੀ ਸੀ, ਪਰ ਉਹ ਸ਼ਾਂਤ ਸੁਭਾਅ ਦਾ ਮਾਲਕ ਸੀ। ਭਗਵਤੀ ਚਰਨ ਵੀ ਸ਼ਾਂਤ ਰਹਿਣ ਵਾਲਾ ਇਨਸਾਨ ਸੀ। ਉਹਨੇ ਕਦੇ ਕਿਸੇ ਨੂੰ ਕੁਝ ਨਹੀਂ ਕਿਹਾ ਸੀ, ਪਰ ਭਗਤ ਸਿੰਘ ਇਹਨਾਂ ਤੋਂ ਵੱਖਰੇ ਸੁਭਾਅ ਵਾਲਾ ਸੀ।

ਭਾਵੇਂ ਉਹ ਸਾਰੇ ਮੇਰੇ ਵਿਦਿਆਰਥੀ ਸਨ, ਪਰ ਉਹਨਾਂ ਨਾਲ ਮੇਰੇ ਬਹੁਤ ਚੰਗੇ ਸੰਬੰਧ ਸਨ। ਅਸੀਂ ਸ਼ਾਮ ਨੂੰ ਮਿਲਦੇ ਅਤੇ ਕਈ ਵਿਸ਼ਿਆਂ 'ਤੇ ਗੈਰ-ਰਸਮੀ ਗੱਲਬਾਤ ਕਰਦੇ ਰਹਿੰਦੇ ਸੀ। ਅਸੀਂ ਅਕਸਰ ਰਾਵੀ ਦਰਿਆ ਦੇ ਕੰਢੇ ਜਾਂਦੇ ਅਤੇ ਚਾਨਣੀਆਂ ਰਾਤਾਂ ਨੂੰ ਉੱਥੇ ਕਿਸ਼ਤੀ ਚਲਾਉਂਦੇ ਹੋਏ ਸਮਾਂ ਬਿਤਾਉਂਦੇ, ਜਿੱਥੇ ਅਸੀਂ ਆਪਣੇ ਦਿਲ ਦੀਆਂ ਡੂੰਘੀਆਂ ਭਾਵਨਾਵਾਂ ਦਾ ਇਜ਼ਹਾਰ ਵੀ ਕਰਦੇ ਸੀ।

1928 ਵਿੱਚ ਜਦੋਂ ਭਗਤ ਸਿੰਘ ਨੂੰ ਪਤਾ ਲੱਗਾ ਕਿ ਮੇਰਾ ਵਿਆਹ ਹੋਣ ਵਾਲਾ ਹੈ ਤਾਂ ਉਹ ਮੇਰੇ ਕੋਲ ਆਇਆ ਅਤੇ ਪੁੱਛਿਆ ਕਿ ਕੀ ਇਹ ਸੱਚ ਹੈ? ਮੈਂ ਹਾਂ ਵਿੱਚ ਜਵਾਬ ਦਿੱਤਾ। ਉਹਨੇ ਜ਼ੋਰ ਪਾਇਆ ਕਿ ਮੈਨੂੰ ਵਿਆਹ ਨਹੀਂ ਕਰਵਾਉਣਾ ਚਾਹੀਦਾ। ਮੈਂ ਕਿਹਾ, "ਭਗਤ ਸਿੰਘ, ਜੇਕਰ ਮੈਨੂੰ ਕੋਈ ਅਜਿਹਾ ਬਹੁਤ ਵਧੀਆ ਜੀਵਨ ਸਾਥੀ ਮਿਲ ਜਾਵੇ ਜੋ ਮੇਰੀਆਂ ਗਤੀਵਿਧੀਆਂ ਨੂੰ ਰੋਕਣ ਦੀ ਬਜਾਏ ਉਹਨਾਂ ਨੂੰ ਹੋਰ ਹੁਲਾਰਾ ਦੇਵੇ, ਤਾਂ ਤੇਰਾ ਕੀ ਵਿਚਾਰ ਹੋਵੇਗਾ?" ਇਸੇ ਗੱਲਬਾਤ ਦੌਰਾਨ ਮੈਂ ਉਸ ਨੂੰ ਤਿੰਨ ਠੋਸ ਉਦਾਹਰਨਾਂ ਦਿੱਤੀਆਂ : ਸ਼੍ਰੀਮਤੀ ਸੁਨ-ਯਾਤ-ਸੇਨ, ਜੋ ਆਪਣੇ ਪਤੀ ਦੀ ਨਿੱਜੀ ਸਕੱਤਰ ਸੀ, ਸ਼੍ਰੀਮਤੀ ਕਰੁਪਸਕਾਇਆ, ਜੋ ਲੈਨਿਨ ਦੀ ਪਤਨੀ ਸੀ ਅਤੇ ਜੈਨੀ ਵੌਨ ਵੈਸਟਫਾਲੇਨ, ਜੋ ਕਾਰਲ ਮਾਰਕਸ ਦੀ ਜੀਵਨ-ਸਾਥਣ ਸਨ। ਉਹਨਾਂ ਬਾਰੇ ਮਾਰਕਸ ਦੇ ਸਾਥੀ ਏਂਗਲਜ਼ ਨੇ ਲਿਖਿਆ ਸੀ, "ਜੇਕਰ ਸ਼੍ਰੀਮਤੀ ਜੈਨੀ ਦਾ ਸਾਥ ਨਾ ਹੁੰਦਾ, ਤਾਂ ਕਾਰਲ ਮਾਰਕਸ ਕਦੇ ਵੀ 'ਕਾਰਲ ਮਾਰਕਸ' ਨਾ ਬਣ ਪਾਉਂਦੇ।" ਜਦੋਂ ਮੈਂ ਇਸ ਤਰ੍ਹਾਂ ਦਲੀਲ ਨਾਲ ਗੱਲ ਕੀਤੀ ਤਾਂ ਭਗਤ ਸਿੰਘ ਨੇ ਜਵਾਬ ਦਿੱਤਾ, "ਗੁਰੂ ਜੀ, ਬਹਿਸ ਵਿੱਚ ਤੁਹਾਨੂੰ ਕੌਣ ਹਰਾ ਸਕਦਾ ਹੈ?" ਇਸ ਤਰ੍ਹਾਂ ਉਹ ਮੰਨ ਗਿਆ।

ਉਸ ਸਮੇਂ ਤੱਕ ਭਗਤ ਸਿੰਘ ਰੂਸੀ ਵਿਚਾਰਧਾਰਾ ਤੋਂ ਖਾਸਾ ਪ੍ਰੇਰਿਤ ਹੋ ਚੁੱਕਾ ਸੀ। ਉਹ 'ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ' ਵਿੱਚ ਵੀ ਸ਼ਾਮਲ ਹੋ ਗਿਆ ਸੀ, ਜੋ ਬਾਅਦ ਵਿੱਚ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਵਿਚ ਤਬਦੀਲ ਹੋ ਗਈ ਸੀ। ਉਸ ਨੇ ਮੈਨੂੰ ਵੀ ਇਸ ਵਿੱਚ ਸ਼ਾਮਲ ਹੋਣ ਲਈ ਕਿਹਾ ਸੀ। ਮੈਂ ਕਿਹਾ, "ਮੈਂ ਪਹਿਲਾਂ ਹੀ 'ਸਰਵੈਂਟਸ ਆਫ਼ ਦ ਪੀਪਲ ਸੁਸਾਇਟੀ' (Servants of the People Society) ਦੇ ਜੀਵਨ-ਮੈਂਬਰ ਵਜੋਂ ਇੱਕ ਇਕਰਾਰਨਾਮੇ 'ਤੇ ਦਸਤਖਤ ਕੀਤੇ ਹੋਏ ਹਨ। ਇਸ ਲਈ, ਉਸ ਇਕਰਾਰਨਾਮੇ ਨੂੰ ਤੋੜੇ ਬਿਨਾਂ ਮੈਂ ਤੁਹਾਡੀ ਸੁਸਾਇਟੀ ਵਿੱਚ ਕਿਵੇਂ ਸ਼ਾਮਲ ਹੋ ਸਕਦਾ ਹਾਂ? ਮੈਂ ਤੁਹਾਡੀ ਸੁਸਾਇਟੀ ਦੇ ਪੂਰੇ ਵੇਰਵੇ ਪੜ੍ਹੇ ਅਤੇ ਘੋਖੇ ਹਨ। ਇਸ ਦੇ ਉਦੇਸ਼ਾਂ ਤੇ ਟੀਚਿਆਂ ਦਾ ਅਧਿਐਨ ਕੀਤਾ ਹੈ। ਮੈਨੂੰ ਪਤਾ ਹੈ ਕਿ ਤੁਹਾਡੇ ਪ੍ਰੋਗਰਾਮ ਵਿੱਚ ਤਿੰਨ ਗੱਲਾਂ ਪ੍ਰਮੁੱਖ ਹਨ : ਹਥਿਆਰ ਅਤੇ ਗੋਲਾ-ਬਾਰੂਦ ਇਕੱਠਾ ਕਰਨਾ; ਢੁਕਵੇਂ ਮੌਕਿਆਂ 'ਤੇ ਉਹਨਾਂ ਦੀ ਵਰਤੋਂ ਕਰਨਾ; ਅਤੇ ਦੇਸ਼ ਵਿੱਚ ਸਾਮਰਾਜੀ ਤਾਕਤਾਂ ਦਾ ਜ਼ੋਰਦਾਰ ਵਿਰੋਧ ਕਰਨਾ। ਮੈਂ ਆਖਰੀ ਕੰਮ ਕਰ ਰਿਹਾ ਹਾਂ। ਅੱਜ-ਕੱਲ੍ਹ ਮੈਂ ਕਿਤਾਬਾਂ ਅਤੇ ਪਰਚੇ ਲਿਖ ਰਿਹਾ ਹਾਂ ਅਤੇ ਵੱਖ-ਵੱਖ ਥਾਵਾਂ 'ਤੇ ਭਾਸ਼ਣ ਦੇ ਰਿਹਾ ਹਾਂ। ਉਸ ਨੇ ਕਿਹਾ, "ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ।" ਮੈਂ ਕਿਹਾ, "ਭਾਵੇਂ ਮੈਂ ਥੋੜ੍ਹਾ ਜਿਹਾ ਤੁਹਾਡੇ ਤੋਂ ਵੱਖਰਾ ਚੱਲ ਰਿਹਾ ਹਾਂ, ਕਿਉਂਕਿ ਮੈਂ ਇਕ ਰਜਿਸਟਰਡ ਮੈਂਬਰ ਵਜੋਂ ਤੁਹਾਡੇ ਨਾਲ ਨਹੀਂ ਚੱਲ ਸਕਦਾ, ਪਰ ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਨੂੰ ਦੁੱਗਣਾ ਕਰ ਦਿਆਂਗਾ ਤਾਂ ਜੋ ਲੋਕ ਤੁਹਾਨੂੰ ਜਾਂ ਤੁਹਾਡੇ ਕੰਮਾਂ ਨੂੰ ਚੰਗੀ ਤਰ੍ਹਾਂ ਸਮਝ ਸਕਣ!"



ਸ਼ਹੀਦ ਭਗਤ ਸਿੰਘ

ਭਗਤ ਸਿੰਘ ਦੇ ਪ੍ਰੇਰਨਾ ਸਰੋਤਾਂ ਬਾਰੇ ਇੱਕ ਗੱਲ ਹੋਰ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਉਸ ਨੇ ਜ਼ਿਆਦਾਤਰ ਵਿਚਾਰਧਾਰਕ ਪ੍ਰੇਰਨਾ ਆਪਣੇ ਪਰਵਾਰ ਤੋਂ ਲਈ। ਉਸ ਦੇ ਚਾਚਾ ਸਰਦਾਰ ਅਜੀਤ ਸਿੰਘ ਅਤੇ ਉਸ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਮਹਾਨ ਕ੍ਰਾਂਤੀਕਾਰੀ ਸਨ, ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਅਤੇ ਇਸ ਦੇ ਲਈ ਅਨੇਕਾਂ ਔਕੜਾਂ ਤੇ ਦੁੱਖ ਝੱਲੇ। ਭਗਤ ਸਿੰਘ, ਆਪਣੇ ਚਾਚਾ ਅਜੀਤ ਸਿੰਘ ਦੀਆਂ ਗਤੀਵਿਧੀਆਂ ਦੀ ਬਹੁਤ ਪ੍ਰਸ਼ੰਸਾ ਕਰਦਾ ਸੀ ਅਤੇ ਉਸ ਦੇ ਲਈ ਬਹੁਤ ਸਤਿਕਾਰ ਰੱਖਦਾ ਸੀ। ਨਾਲ ਹੀ ਉਸ ਦੇ ਮਨ ਵਿਚ ਆਪਣੇ ਪਿਤਾ ਲਈ ਵੀ ਬਹੁਤ ਸਤਿਕਾਰ ਸੀ, ਪਰ ਜਦੋਂ ਉਹ ਭਗਤ ਸਿੰਘ ਨੂੰ ਵਿਆਹ ਕਰਨ ਬਾਰੇ ਜ਼ੋਰ ਪਾਉਂਦੇ ਤਾਂ ਉਹ ਉਸ ਨਾਲ ਸਹਿਮਤ ਨਹੀਂ ਹੁੰਦਾ ਸੀ। ਇਹੀ ਕਾਰਨ ਸੀ ਕਿ ਭਗਤ ਸਿੰਘ ਘਰੋਂ ਭੱਜ ਗਿਆ ਸੀ।

ਜਿੱਥੋਂ ਤੱਕ ਭਗਤ ਸਿੰਘ ਦੇ ਨਾਸਤਿਕ ਹੋਣ ਦਾ ਸਵਾਲ ਹੈ, ਉਸ ਬਾਰੇ ਕੁਝ ਵੀ ਕਹਿਣਾ ਮੁਸ਼ਕਲ ਹੈ, ਕਿਉਂਕਿ ਉਸ ਨੇ ਕਦੇ ਵੀ ਸਾਡੇ ਨਾਲ ਇਹਨਾਂ ਗੱਲਾਂ 'ਤੇ ਵਿਚਾਰ ਨਹੀਂ ਕੀਤੀ ਸੀ। ਇੱਕ ਇਨਕਲਾਬੀ ਹੋਣ ਦੇ ਨਾਤੇ ਉਸ ਦੇ ਲਈ ਇਨਕਲਾਬ ਹੀ ਸਭ ਤੋਂ ਵੱਡੀ ਦੇਵੀ ਜਾਂ ਦੇਵਤਾ ਸੀ। ਉਹ ਕਦੇ ਵੀ ਕਿਸੇ ਹੋਰ ਦੇਵਤੇ ਵਿੱਚ ਵਿਸ਼ਵਾਸ ਨਹੀਂ ਰੱਖਦਾ ਸੀ। ਜਦੋਂ ਭਗਤ ਸਿੰਘ ਲਾਹੌਰ ਛੱਡ ਕੇ ਪਹਿਲਾਂ ਕਾਨਪੁਰ ਗਿਆ, ਅਤੇ ਫਿਰ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਦਿੱਲੀ ਗਿਆ, ਤਾਂ ਉਹ ਮੈਨੂੰ ਕਈ ਵਾਰ ਮਿਲਿਆ। ਉਹ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੀਆਂ ਗਤੀਵਿਧੀਆਂ ਬਾਰੇ ਮੇਰੇ ਨਾਲ ਗੱਲ ਨਹੀਂ ਕਰਦਾ ਸੀ। ਉਹ ਗੁਪਤ ਗੱਲਾਂ ਸਨ, ਜੋ ਸਿਰਫ਼ ਉਹਨਾਂ ਦੇ ਸਰਕਲ ਦੇ ਬੰਦਿਆਂ ਨਾਲ ਸਾਂਝੀਆਂ ਕੀਤੀਆਂ ਜਾਂਦੀਆਂ ਸਨ। ਭਾਵੇਂ ਮੈਂ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੇ ਸਰਗਰਮ ਮੈਂਬਰਾਂ ਵਿਚ ਸ਼ਾਮਲ ਨਹੀਂ ਸੀ, ਪਰ ਅਸੀਂ ਹੋਰ ਸਿਆਸੀ ਵਿਸ਼ਿਆਂ 'ਤੇ ਅਕਸਰ ਗੱਲਬਾਤ ਕਰਦੇ ਰਹਿੰਦੇ ਸੀ, ਉਦਾਹਰਨ ਵਜੋਂ, ਅਸੀਂ ਗਾਂਧੀ ਅਤੇ ਨਾਮਿਲਵਰਤਨ ਅੰਦੋਲਨ ਦੀ ਪ੍ਰਗਤੀ ਅਤੇ ਪ੍ਰਸੰਗਿਕਤਾ ਬਾਰੇ ਗੱਲ ਕਰਦੇ ਸੀ। ਭਗਤ ਸਿੰਘ ਦੇ ਮਨ ਵਿਚ ਗਾਂਧੀ ਲਈ ਕੋਈ ਪ੍ਰਸ਼ੰਸਾ ਨਹੀਂ ਸੀ ਅਤੇ ਉਸ ਦਾ ਤਰੀਕਾ ਸੁਭਾਸ਼ ਚੰਦਰ ਬੋਸ ਵਾਲਾ ਹੀ ਸੀ। ਜਿਸ ਨੇ ਗਾਂਧੀ ਨੂੰ ਕਿਹਾ ਸੀ, "ਬਾਪੂ, ਸਾਨੂੰ ਉਸ ਭਾਸ਼ਾ ਵਿੱਚ ਗੱਲ ਕਰਨਾ ਸਿੱਖਣੀ ਪੈਣੀ ਹੈ ਜਿਹੜੀ ਅੰਗਰੇਜ਼ਾਂ ਨੂੰ ਸਮਝ ਆਉਂਦੀ ਹੈ। ਅੰਗਰੇਜ਼ਾਂ ਨੂੰ ਸਾਡਾ ਅਹਿੰਸਾ ਅਤੇ ਸਬਰ-ਸ਼ਾਂਤੀ ਵਾਲਾ ਦਰਸ਼ਨ ਸਮਝ ਨਹੀਂ ਆਉਂਦਾ। ਉਹਨਾਂ ਦਾ ਸਾਰਾ ਸਾਮਰਾਜ ਹੀ ਜਬਰ ਅਤੇ ਜ਼ੁਲਮ 'ਤੇ ਟਿਕਿਆ ਹੋਇਆ ਹੈ। ਜੇ ਅਸੀਂ ਵੀ ਉਸੇ ਤਰ੍ਹਾਂ ਨਾਲ ਆਪਣੇ ਆਪ ਨੂੰ ਹਥਿਆਰਬੰਦ ਕਰ ਲਈਏ ਤਾਂ ਸਾਡੀ ਜਿੱਤ ਯਕੀਨਨ ਹੀ ਹੋਵੇਗੀ। ਉਹ ਚਾਰ ਕਰੋੜ ਹਨ ਅਤੇ ਸਾਡੀ ਅਬਾਦੀ ਚਾਲੀ ਕਰੋੜ ਦੀ ਹੈ।" ਭਗਤ ਸਿੰਘ ਅਤੇ ਉਸ ਦੇ ਸਾਥੀ ਇਸੇ ਤਰ੍ਹਾਂ ਹੀ ਆਜ਼ਾਦੀ ਲਿਆਉਣਾ ਚਾਹੁੰਦੇ ਸਨ।

ਭਗਤ ਸਿੰਘ ਬਚਪਨ ਤੋਂ ਹੀ ਕਲਾਕਾਰ ਰੁਚੀਆਂ ਦਾ ਮਾਲਕ ਸੀ। ਉਸ ਨੂੰ ਨਾਟਕਾਂ ਦਾ ਸ਼ੌਕ ਸੀ। ਕਾਲਜ ਦੇ ਦਿਨਾਂ ਵਿੱਚ ਉਸ ਨੇ ਇਕ ਮਹਾਨ ਨਾਇਕ ਦੇ ਜੀਵਨ ਅਤੇ ਸਮੇਂ ਨੂੰ ਦਰਸਾਉਂਦੇ ਨਾਟਕ ਵਿੱਚ ਮਹਾਰਾਣਾ ਪ੍ਰਤਾਪ ਦੀ ਭੂਮਿਕਾ ਨਿਭਾਈ ਸੀ। ਮੈਨੂੰ ਯਾਦ ਨਹੀਂ ਕਿ ਉਸ ਨੇ ਕਦੇ ਸ਼ਿਵਾਜੀ ਦੀ ਭੂਮਿਕਾ ਨਿਭਾਈ ਹੋਵੇ, ਪਰ ਉਸ ਨੇ ਕਈ ਹੋਰ ਭੂਮਿਕਾਵਾਂ ਵੀ ਨਿਭਾਈਆਂ ਸਨ।

ਭਗਤ ਸਿੰਘ ਇੱਕ ਚੰਗਾ ਗਾਇਕ ਵੀ ਸੀ। ਬਾਂਕੇ ਦਿਆਲ ਦਾ ਗੀਤ, ਜਿਹੜਾ ਉਹ ਅਕਸਰ ਆਪਣੇ ਮਿੱਤਰ-ਮੰਡਲੀ ਵਿਚ ਗਾਇਆ ਕਰਦਾ ਸੀ, ਉਸ ਦਾ ਮਨ-ਪਸੰਦੀ ਗੀਤ ਸੀ :

ਕਦੇ ਤੂੰ ਵੀ ਹਿੰਦੀਆ ਹੋਸ਼ ਸੰਭਾਲ ਵੇ, ਹੋਸ਼ ਸੰਭਾਲ ਵੇ,
ਤੇਰਾ ਲੁੱਟਿਆ ਗਿਆ ਮਾਲ ਵੇ,
ਹਿੰਦੂ ਕਹੇ ਮੈਂ ਸਭ ਤੋਂ ਵੱਡਾ,
ਮੇਰਾ ਹਿੰਦੁਸਤਾਨ ਟਿਕਾਣਾ,
ਮੁਸਲਿਮ ਕਹੇ ਇਹ ਘਰ ਹੈ ਸਾਡਾ,
ਸਾਨੂੰ ਮਿਲਿਆ ਹੁਕਮ ਰੱਬਾਨਾ,
ਸਿੱਖ ਕਹੇ ਸਾਡਾ ਵੀ ਸਾਂਝਾ,
ਅਸੀਂ ਪਹਿਲਾ ਕਦਮ ਜਮਾਉਣਾ।
ਬਾਂਕੇ... ਬਾਂਕੇ...
ਕਹੇ ਯਾਰ ਫਿਰੰਗੀ ਆਖੇ,
ਕੋਈ ਹੱਥ ਲਾਵੇ ਮੈਂ ਜਾਣਾ।

ਇਹ ਇੱਕ ਵਧੀਆ ਗੀਤ ਸੀ ਅਤੇ ਹਰ ਨਾਟਕ ਵਿੱਚ ਇਸ ਨੂੰ ਸ਼ਾਮਲ ਕੀਤਾ ਜਾਂਦਾ ਸੀ। ਇੱਕ ਹੋਰ ਮਸ਼ਹੂਰ ਗੀਤ ਭਗਤ ਸਿੰਘ ਨੂੰ ਬੜਾ ਪਿਆਰਾ ਲੱਗਦਾ ਸੀ:

ਅਸੀਂ ਵੱਸਣਾ ਵੇ ਵੱਸਣਾ
ਬੀਬਾ, ਇਹ ਹੈ ਸਾਡਾ ਘਰ-ਬਾਰ,
ਤੁਸਾਂ ਨੱਸਣਾ ਵੇ ਨੱਸਣਾ ਛੱਡ ਕੇ
ਆਖਰਕਾਰ।

ਜਦੋਂ ਭਗਤ ਸਿੰਘ ਜੇਲ੍ਹ ਲਾਹੌਰ ਵਿੱਚ ਸੀ, ਮੈਂ ਵੀ ਮੁਲਤਾਨ ਦੀ ਜੇਲ੍ਹ ਵਿਚ ਸਾਂ। ਇਸ ਲਈ ਮੈਨੂੰ ਉਸ ਨੂੰ ਮਿਲਣ ਦਾ ਕੋਈ ਮੌਕਾ ਨਹੀਂ ਮਿਲਿਆ, ਜਿੱਥੋਂ ਤੱਕ ਮੈਨੂੰ ਯਾਦ ਹੈ, ਜਨਵਰੀ 1929 ਦੇ ਪਹਿਲੇ ਹਫ਼ਤੇ ਕੋਲਕਾਤਾ ਵਿੱਚ ਸ਼ਾਇਦ ਇਹ ਉਸ ਨਾਲ ਆਖਰੀ ਮੁਲਾਕਾਤ ਸੀ। ਉਸ ਸਮੇਂ ਭਗਤ ਸਿੰਘ ਨੇ ਆਪਣੇ ਲੰਬੇ ਵਾਲ ਕਟਵਾ ਦਿੱਤੇ ਸਨ, ਜੋ ਸਿੱਖ ਧਰਮ ਦੀ ਨਿਸ਼ਾਨੀ ਸਨ। ਉਸ ਨੇ ਕੋਟ, ਪੈਂਟ ਅਤੇ ਟੋਪੀ ਪਹਿਨੀ ਹੋਈ ਸੀ। ਇਸ ਮੁਲਾਕਾਤ ਦੀ ਕਹਾਣੀ ਵੀ ਦਿਲਚਸਪ ਹੈ। ਮੈਂ ਕਾਂਗਰਸ ਦੇ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਕੋਲਕਾਤਾ ਗਿਆ ਹੋਇਆ ਸੀ। ਭਗਤ ਸਿੰਘ ਇੱਕ ਦੋਸਤ ਦੇ ਘਰ ਠਹਿਰੇ ਹੋਏ ਸੀ। ਭਗਤ ਸਿੰਘ ਦਾ ਇਹ ਦੋਸਤ ਹੋਰ ਕੋਈ ਨਹੀਂ ਸਗੋਂ ਸੇਠ ਛੱਜੂ ਰਾਮ ਸਨ। ਉਹ ਇਨਕਲਾਬੀ ਲਹਿਰ ਵਿੱਚ ਸ਼ਾਮਲ ਨਹੀਂ ਸਨ। ਉਹ ਬਹੁਤ ਵੱਡੇ ਵਪਾਰੀ ਅਤੇ ਕਾਰੋਬਾਰੀ ਸਨ। ਉਹ ਹਰਿਆਣਾ ਤੋਂ ਸਨ। ਇਸ ਲਈ ਪੰਜਾਬ ਦੇ ਲੋਕ ਉਹਨਾਂ ਕੋਲ ਆਉਂਦੇ-ਜਾਂਦੇ ਰਹਿੰਦੇ ਸਨ। ਇੱਕ ਪੰਜਾਬੀ ਦੋਸਤ ਨੇ ਮੈਨੂੰ ਭਗਤ ਸਿੰਘ ਦੇ ਕੋਲਕਾਤਾ ਵਿਚਲੇ ਟਿਕਾਣੇ ਬਾਰੇ ਦੱਸਿਆ ਸੀ। ਫਿਰ ਮੈਂ ਸੇਠ ਦੇ ਘਰ ਗਿਆ ਅਤੇ ਉੱਥੇ ਭਗਤ ਸਿੰਘ ਨੂੰ ਮਿਲਿਆ। ਉੱਥੇ ਹੋਈ ਮੁਲਾਕਾਤ ਦੌਰਾਨ ਅਸੀਂ ਕੋਈ ਖਾਸ ਗੱਲਬਾਤ ਨਹੀਂ ਕੀਤੀ। ਅਸੀਂ ਸਿਰਫ਼ ਨਜ਼ਰਾਂ ਦਾ ਆਦਾਨ-ਪ੍ਰਦਾਨ ਹੀ ਕੀਤਾ ਅਤੇ ਫਿਰ ਸੰਖੇਪ ਜਿਹੀ 'ਨਮਸਤੇ' ਤੋਂ ਬਾਅਦ ਉਹ ਉੱਥੋਂ ਚਲਾ ਗਿਆ। ਮੈਂ ਉੱਥੇ ਭਗਵਤੀ ਚਰਨ ਨੂੰ ਵੀ ਮਿਲਿਆ। ਉਸ ਨੇ ਮੈਨੂੰ ਕਿਹਾ, "ਗੁਰੂ ਜੀ, ਤੁਸੀਂ ਭਗਤ ਸਿੰਘ ਨੂੰ ਦੇਖ ਲਿਆ ਹੈ, ਕਿਰਪਾ ਕਰਕੇ ਇਹ ਭੇਤ ਜ਼ਾਹਰ ਨਾ ਕਰਨਾ ਕਿ ਤੁਸੀਂ ਉਹਨਾਂ ਨੂੰ ਕੋਲਕਾਤਾ ਵਿੱਚ ਦੇਖਿਆ ਹੈ।"

ਭਗਤ ਸਿੰਘ ਬਹੁਤ ਪਿਆਰੇ ਇਨਸਾਨ ਸੀ, ਬਹੁਤ ਮਿੱਠੇ ਸੁਭਾਅ ਦਾ ਮਾਲਕ ਸੀ ਅਤੇ ਉਸ ਦੀ ਮੌਤ 'ਤੇ ਮੈਂ ਓਨੇ ਹੀ ਹੰਝੂ ਵਹਾਏ, ਜਿੰਨੇ ਕੋਈ ਕਿਸੇ ਪਿਆਰੇ ਦੋਸਤ ਜਾਂ ਸਾਥੀ ਦੇ ਵਿਛੋੜੇ 'ਤੇ ਵਹਾਉਂਦਾ ਹੈ! ਜਿੱਥੋਂ ਤੱਕ ਸੁਖਦੇਵ ਦੀ ਗੱਲ ਹੈ, ਉਹ ਨ

# ਟਰੰਪ ਸ਼ਾਹੀ ਦੌਰ ਵਿੱਚ ਸਈਅਦ, ਰਮਨ ਅਤੇ ਮਮਦਾਨੀ ਵਰਤਾਰਾ

ਸੰਯੁਕਤ ਰਾਜ ਅਮਰੀਕਾ ਵਿੱਚ ਹੋਈਆਂ ਮੱਧਕਾਲੀ ਚੋਣਾਂ ਨੇ ਡੋਨਾਲਡ ਟਰੰਪ ਅਤੇ ਉਸ ਦੀ ਬੁਰਛਾਗਰਦ ਸਿਆਸਤ ਨੂੰ ਵੱਡੀ ਸੱਟ ਮਾਰੀ ਹੈ। ਇਹਨਾਂ ਚੋਣਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਨੇ ਅਮਰੀਕੀ ਸੰਸਦ ਦੇ ਦੋਵਾਂ ਸਦਨਾਂ ਪ੍ਰਤੀਨਿਧ ਸਭਾ ਅਤੇ ਸੈਨੇਟ ਵਿੱਚ ਬਹੁਮਤ ਪ੍ਰਾਪਤ ਕੀਤਾ ਹੈ। ਡੈਮੋਕ੍ਰੇਟਿਕ ਪਾਰਟੀ ਵੀ ਭਾਵੇਂ ਟਰੰਪ ਦੀ ਰਿਪਬਲਿਕਨ ਪਾਰਟੀ ਦੀ ਤਰ੍ਹਾਂ ਹੀ ਬਹੁਕੌਮੀ ਸਾਮਰਾਜੀ ਕੰਪਨੀਆਂ ਤੋਂ ਮੁਕਤ ਨਹੀਂ ਹੈ ਪਰ ਫਿਰ ਵੀ ਇਹ ਚੋਣ ਨਤੀਜੇ ਸੰਸਾਰ ਪੱਧਰ 'ਤੇ ਅੱਜਕੱਲ੍ਹ ਸੱਜ-ਪਿਛਾਖੜੀ ਸਿਆਸਤ ਨੂੰ ਮਿਲ ਰਹੇ ਝਟਕਿਆਂ ਵਿੱਚ ਇੱਕ ਹੋਰ ਵਾਧਾ ਹੈ। ਇਹਨਾਂ ਸ਼ਮਿਆਂ ਵਿੱਚ ਹੀ ਜਿੱਥੇ ਹੰਗਰੀ, ਸਰਬੀਆ ਅਤੇ ਇਜ਼ਰਾਈਲ ਵਿੱਚ ਕੌਮਾਂਤਰੀ ਮੁਜਰਮ ਨੇਤਨਯਾਹੂ ਨੂੰ ਤਕੜੇ ਝਟਕੇ ਲੱਗੇ ਹਨ, ਉੱਥੇ ਹੀ ਬ੍ਰਾਜ਼ੀਲ ਵਿੱਚ ਲੂਲਾ ਦੀ ਜਿੱਤ ਅਤੇ ਅਮਰੀਕੀ ਪਿੱਠੂ ਬੋਲਨਸਾਰੋ (ਜਿਸ ਦਾ ਬਾਪ 2020 ਵਿੱਚ ਗਣਤੰਤਰ ਦਿਵਸ ਸਮਾਰੋਹ ਮੋਦੀ ਸਰਕਾਰ ਦਾ ਮੁੱਖ ਮਹਿਮਾਨ ਸੀ ਅਤੇ ਚੋਣਾਂ ਵਿੱਚ ਹਾਰ ਤੋਂ ਬਾਅਦ ਕੀਤੀ ਹਿੰਸਾ ਕਾਰਨ ਜੇਲ੍ਹ ਦੀ ਸਜ਼ਾ ਪਾ ਚੁੱਕਿਆ ਹੈ) ਦੀ ਹਾਰ ਆਲਮੀ ਪਾਰਲੀਮਾਨੀ ਰਾਜਨੀਤੀ ਵਿੱਚ ਇੱਕ ਸ਼ੁਭ ਸ਼ਗਨ ਹੈ।

ਇਹਨਾਂ ਚੋਣਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਨੇ ਰਿਪਬਲਿਕਨ ਪਾਰਟੀ ਦੇ ਗੜ੍ਹ ਵਾਲੇ ਅਮਰੀਕੀ ਸੂਬਿਆਂ ਜਿਵੇਂ ਕਿ ਟੈਕਸਾਸ, ਦੱਖਣੀ ਅਤੇ ਉੱਤਰੀ ਕੈਰੋਲੀਨਾ, ਆਇਵਾ, ਕਾਨਸਾਸ, ਉਹੀਆਈਓ ਅਤੇ ਮੈਨੇ ਵਿੱਚ ਜਿੱਤ ਹਾਸਲ ਕੀਤੀ ਹੈ, ਬਲਕਿ ਆਪਣੇ ਪੁਰਾਣੇ ਕਿਲ੍ਹਿਆਂ ਜਿਵੇਂ ਕੋਲਾਰਾਡੋ, ਓਰੀਗਨ, ਇਲੀਨੋਇਸ ਸੂਬਿਆਂ ਵਿੱਚ ਆਪਣੀ ਪਕੜ ਮਜ਼ਬੂਤ ਬਣਾਈ ਰੱਖੀ ਹੈ। ਜਾਰਜੀਆ, ਮਿਸ਼ੀਗਨ ਅਤੇ ਵਿਰਜੀਨੀਆ ਸੂਬਿਆਂ ਵਿੱਚ ਵੀ ਰਿਪਬਲਿਕਨ ਪਾਰਟੀ ਪੱਛੜ ਗਈ ਹੈ। ਟੈਕਸਾਸ ਵਿੱਚ ਤਾਂ ਰਿਪਬਲਿਕਨ ਪਾਰਟੀ 1988 ਤੋਂ ਬਾਅਦ ਪਹਿਲੀ ਵਾਰ ਹਾਰੀ ਹੈ।ਇਹਨਾਂ ਚੋਣ ਨਤੀਜਿਆਂ ਬਾਅਦ ਅਮਰੀਕੀ ਕਾਂਗਰਸ ਬਾਕੀ ਦੋ ਸਾਲਾਂ ਲਈ ਟਰੰਪ ਤੇ ਇੱਕ ਕੁੰਡੇ ਦੀ ਤਰ੍ਹਾਂ ਕੰਮ ਕਰ ਸਕਦੀ ਹੈ। ਅਮਰੀਕੀ ਸੰਵਿਧਾਨ ਅਨੁਸਾਰ ਕਾਂਗਰਸ ਕੋਲ ਵਿੱਤੀ ਖਰਚਿਆਂ ਨੂੰ ਕੰਟਰੋਲ ਕਰਨ ਦੀ ਤਾਕਤ ਹੈ ਅਤੇ ਉਹ ਕੋਈ ਵੀ ਬਿੱਲ ਪਾਸ ਕਰ ਸਕਦੀ ਹੈ। ਕਾਂਗਰਸ ਅਮਰੀਕੀ ਨਾਗਰਿਕਾਂ ਦੇ ਹਿੱਤਾਂ ਨੂੰ ਸੰਬੋਧਿਤ ਕੋਈ ਵੀ ਜਾਂਚ ਕਰ ਸਕਦੀ ਹੈ ਜਾਂ ਸੁਣਵਾਈ ਰੋਕ ਵੀ ਸਕਦੀ ਹੈ। ਇਸ ਕੋਲ ਰਾਸ਼ਟਰਪਤੀ ਵੱਲੋਂ ਸਰਕਾਰੀ ਅਹੁਦਿਆਂ 'ਤੇ ਕੀਤੀਆਂ ਨਿਯੁਕਤੀਆਂ ਨੂੰ ਮਨਜ਼ੂਰ ਜਾਂ ਰੱਦ ਕਰਨ ਦਾ ਵੀ ਹੱਕ ਹੈ। ਅਮਰੀਕੀ ਰਾਸ਼ਟਰਪਤੀ ਕੋਲ ਕਾਂਗਰਸ ਵੱਲੋਂ ਮਨਜ਼ੂਰ ਕਾਨੂੰਨਾਂ ਨੂੰ ਵੀਟੋ ਕਰਨ ਦੀ ਸ਼ਕਤੀ ਹੈ। ਪਰ ਰਾਸ਼ਟਰਪਤੀ ਨੂੰ 'ਵੀਟੋ ਸੰਦੇਸ਼' ਰਾਹੀਂ ਵੀਟੋ ਦੇ ਕਾਰਨ ਲਿਖਤੀ ਰੂਪ ਵਿੱਚ ਕਾਂਗਰਸ ਨੂੰ ਦੱਸਣੇ ਜ਼ਰੂਰੀ ਹਨ। ਜੇਕਰ ਕਾਂਗਰਸ ਦੋ ਤਿਹਾਈ ਬਹੁਮਤ ਨਾਲ ਉਹੀ ਬਿੱਲ ਦੁਬਾਰਾ ਪਾਸ ਕਰ ਦਿੰਦੀ ਹੈ ਤਾਂ ਬਿੱਲ ਰਾਸ਼ਟਰਪਤੀ ਦੀ ਮਨਜ਼ੂਰੀ ਤੋਂ ਬਿਨਾਂ ਹੀ ਪਾਸ ਮੰਨਿਆ ਜਾਂਦਾ ਹੈ, ਜਿਸ ਨੂੰ 'ਵੀਟੋ ਓਵਰਰਾਈਡ' ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਜੇਕਰ ਕਾਂਗਰਸ ਵੱਲੋਂ ਪਾਸ ਕਿਸੇ ਵੀ ਕਾਨੂੰਨ 'ਤੇ ਰਾਸ਼ਟਰਪਤੀ ਦਸ ਦਿਨਾਂ ਵਿੱਚ ਫੈਸਲਾ ਨਹੀਂ ਲੈਂਦਾ ਅਤੇ ਕਾਂਗਰਸ ਦਾ ਸੈਸ਼ਨ ਜਾਰੀ ਰਹਿੰਦਾ ਹੈ ਤਾਂ ਬਿੱਲ ਰਾਸ਼ਟਰਪਤੀ ਦੇ ਦਸਖਤਾਂ ਤੋਂ ਬਿਨਾਂ ਹੀ ਆਪਣੇ ਆਪ ਹੀ ਪਾਸ ਮੰਨਿਆ ਜਾਂਦਾ ਹੈ। ਜਿਵੇਂ ਸਾਮਰਾਜੀ ਸੰਕਟ ਵਧਦਾ ਹੈ ਤਾਂ ਵੀਟੋ ਦੀ ਵਰਤੋਂ ਵੀ ਵਧ ਜਾਂਦੀ ਹੈ। ਮਿਸਾਲ ਦੇ ਤੌਰ 'ਤੇ 1930ਵਿਆਂ ਦੌਰਾਨ ਰੂਜ਼ਵੈਲਟ ਦੇ ਸਮੇਂ ਅਮਰੀਕੀ ਸਾਮਰਾਜ ਦਾ ਮਹਾਂ ਆਰਥਿਕ ਮੰਦੀ ਦਾ ਸਮਾਂ ਸੀ, ਜਿਸ ਦੇ ਚੱਲਦੇ ਰੂਜ਼ਵੈਲਟ ਨੇ ਰਾਸ਼ਟਰਪਤੀ ਰਹਿੰਦਿਆਂ 635 ਵਾਰ ਵੀਟੋ ਦੀ ਵਰਤੋਂ ਕੀਤੀ। ਇਹ ਤੱਥ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਜਿਵੇਂ-ਜਿਵੇਂ ਆਰਥਿਕ ਸੰਕਟ ਗਹਿਰਾ ਹੁੰਦਾ ਜਾਂਦਾ ਹੈ ਤਾਂ ਸੰਵਿਧਾਨਕ ਸੰਸਥਾਵਾਂ ਦੀ ਮਰਿਆਦਾ ਵੀ ਰੁਲਦੀ ਜਾਂਦੀ ਹੈ ਅਤੇ ਨਿਰੰਕੁਸ਼ ਸੱਤਾ ਦਾ ਚਿਹਰਾ ਸਾਹਮਣੇ ਆਉਣ ਲੱਗਦਾ ਹੈ। ਟਰੰਪ ਨੇ ਵੀ ਚੋਣ ਪ੍ਰਚਾਰ ਦੌਰਾਨ ਲਾਲ ਰੰਗ ਦੀ ਬੇਸਬਾਲ ਟੋਪੀ ਦਾ ਪ੍ਰਚਾਰ ਕੀਤਾ ਸੀ, ਜਿਸ 'ਤੇ ਵੱਡੇ ਅੱਖਰਾਂ ਵਿੱਚ ਲਿਖਿਆ ਸੀ 'ਵੀਟੋ'। ਇਹ ਅਮਰੀਕੀ ਅਵਾਮ ਨੂੰ ਇੱਕ ਧਮਕੀ ਸੀ ਅਤੇ ਆਪਣੀ ਤਾਕਤ ਦੇ ਹੰਕਾਰ ਦਾ ਪ੍ਰਗਟਾਵਾ।

ਡੋਨਾਲਡ ਟਰੰਪ ਅਤੇ ਉਸ ਦੀ ਰਿਪਬਲਿਕਨ ਪਾਰਟੀ ਹਾਰੀ ਕਿਉਂ? ਟਾਈਮਜ਼ ਆਫ਼ ਇੰਡੀਆ ਦੀ ਕਾਲਮਨਵੀਸ ਸਰਿਜਨਾ ਮਿਤਰਾ ਦਾਸ ਇਸ ਹਾਰ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰਦਿਆਂ ਅੰਗਰੇਜ਼ੀ ਭਾਸ਼ਾ ਦੇ ਅੱਖਰ 'ਸੀ' ਰਾਹੀਂ ਦੱਸਦੀ ਹੈ ਕਿ ਟਰੰਪ ਦੀ ਹਾਰ ਪੰਜ 'ਸੀ' ਕਰਕੇ ਹਾਰ ਹੋਈ। ਪਹਿਲੀ 'ਸੀ' ਮਤਲਬ ਕੌਸਟ ਜਾਂ ਲਾਗਤਾਂ। ਅਮਰੀਕੀ ਰਾਜ ਪ੍ਰਬੰਧ ਆਪਣੇ ਨਾਗਰਿਕਾਂ ਨੂੰ ਵਧੀਆ ਜ਼ਿੰਦਗੀ, ਸਵਿਮਿੰਗ ਪੂਲ ਅਤੇ ਵੱਡੇ ਵਿਹੜੇ ਆਲਾ ਘਰ, ਚੌੜੀਆਂ ਸੜਕਾਂ 'ਤੇ ਭੱਜਦੀ ਵੱਡੀ ਕਾਰ ਅਤੇ ਸਾਫ਼ ਵਾਤਾਵਰਨ ਦਾ ਸਬਜ਼ਬਾਗ ਵਿਖਾਉਂਦਾ ਹੈ। ਇਹ ਸਭ ਟਰੰਪ ਸ਼ਾਹੀ ਦੌਰ ਵਿੱਚ ਅਮਰੀਕੀਆਂ ਨੂੰ ਖਤਮ ਹੁੰਦਾ ਦਿਸਿਆ। ਟਰੰਪ ਦੀ ਪੈਟਰੋ ਸਾਮਰਾਜੀ ਸੋਚ ਵੈਨਜ਼ੂਏਲਾ ਦੇ ਰਾਸ਼ਟਰਪਤੀ ਨੂੰ ਅਗਵਾ ਕਰਕੇ ਛਾਲਾਂ ਮਾਰਨ ਲੱਗੀ ਸੀ। ਇਸੇ ਹੰਕਾਰ ਵਿੱਚੋਂ ਉਹ ਈਰਾਨ 'ਤੇ ਕਬਜ਼ਾ ਕਰਨ ਦੀ ਹਮਾਕਤ ਕਰ ਬੈਠਾ। ਸਿੱਟਾ ਆਪਣੀ ਚੌਧਰ ਤਾਂ ਮਿੱਟੀ ਵਿੱਚ ਮਿਲਾਈ ਹੀ, ਉਲਟਾ ਈਰਾਨ ਨੇ ਹੌਰਮੁਜ ਖਾੜੀ ਬੰਦ ਕਰਕੇ ਖੁਦ ਅਮਰੀਕਾ ਵਿੱਚ ਹੀ ਵੱਡਾ ਸੰਕਟ ਖੜ੍ਹਾ ਕਰ ਦਿੱਤਾ। ਬਰਾਊਣ ਯੂਨੀਵਰਸਿਟੀ ਦੇ ਅਧਿਐਨ ਮੁਤਾਬਕ ਅਮਰੀਕਾ ਨੂੰ ਗੈਸੋਲੀਨ 'ਤੇ 83 ਬਿਲੀਅਨ ਡਾਲਰ ਅਤੇ ਡੀਜ਼ਲ 'ਤੇ 68 ਬਿਲੀਅਨ ਡਾਲਰ ਜ਼ਿਆਦਾ ਖਰਚ ਕਰਨੇ ਪਏ। ਇਸ ਨੇ ਸਾਰੀ ਆਰਥਿਕਤਾ ਦਾ ਕਚੂੰਬਰ ਕੱਢ ਦਿੱਤਾ। ਜਿਵੇਂ ਟਰਾਂਸਪੋਰਟ ਅਤੇ ਫਰਟੀਲਾਈਜ਼ਰ ਖਰਚੇ ਵਧੇ। ਸਿੱਟਾ ਫਾਰਮਿੰਗ ਆਰਥਿਕਤਾ 'ਤੇ ਨਿਰਭਰ ਟੈਕਸਾਸ ਅਤੇ ਆਇਵਾ ਰਾਜਾਂ ਨੇ ਟਰੰਪ ਨੂੰ ਨਕਾਰ ਦਿੱਤਾ। ਦੂਸਰੀ 'ਸੀ' ਕਰਲੀਟੀ ਭਾਵ ਜ਼ੁਲਮ। ਟਰੰਪ ਆਪਣੇ-ਆਪ ਨੂੰ ਚਰਚਾ ਵਿੱਚ ਰੱਖਣ ਲਈ ਸੋਸ਼ਲ ਮੀਡੀਆ 'ਤੇ ਬਹੁਤ ਸਰਗਰਮ ਰਹਿੰਦਾ ਹੈ, ਪਰ ਆਪਣੇ 'ਟਰੁੱਥ ਸੋਸ਼ਲ ਮੀਡੀਆ' ਅਕਾਊਂਟ ਦੀ ਵਰਤੋਂ ਕਰਦਿਆਂ ਭੁੱਲ ਜਾਂਦਾ ਹੈ ਕਿ ਟਰੁੱਥ (ਸੱਚਾਈ) ਛੁਪਾਇਆਂ ਨਹੀਂ ਛੁਪਦੀ। ਈਰਾਨੀ ਸਕੂਲ 'ਤੇ ਕੀਤੀ ਬੰਬਾਰੀ, ਸਕੂਲ ਦੇ ਮਲਬੇ ਹੇਠ ਦੱਬੀਆਂ ਬੱਚੀਆਂ ਅਤੇ ਅਧਿਆਪਕਾਂ ਦੀਆਂ ਲਾਸ਼ਾਂ ਸੋਸ਼ਲ ਮੀਡੀਆ ਦੇ ਜ਼ਰੀਏ ਹੀ ਦੁਨੀਆ ਦੇ ਸਾਹਮਣੇ ਆਈਆਂ, ਜਿਸ ਨੇ ਟਰੰਪ ਪ੍ਰਤੀ ਆਮ ਅਮਰੀਕੀਆਂ ਦੇ ਮਨ ਵਿੱਚ ਨਫ਼ਰਤ ਭਰੀ। ਟਰੰਪ ਸਰਕਾਰ ਤਾਂ ਫਾਂਸੀ ਦੀ ਸਜ਼ਾ ਨੂੰ ਵੀ ਟੈਲੀਕਾਸਟ ਕਰਨ ਦੀ ਯੋਜਨਾ ਬਣਾ ਰਹੀ ਹੈ। ਬਾਕੀ ਸੰਸਾਰ ਦੀ ਤਰ੍ਹਾਂ ਹੀ ਆਮ ਅਮਰੀਕੀ ਨਾਗਰਿਕ ਇਸ ਜ਼ੁਲਮੋਂ ਸਿਤਮ ਨੂੰ ਮਾਨਤਾ ਨਹੀਂ ਦਿੰਦਾ। ਵੀਅਤਨਾਮ ਵਿੱਚ ਨਾਪਾਮ ਬੰਬਾਰੀ ਅਤੇ ਗੁਲਾਮਦਾਰੀ ਦੇ ਖਿਲਾਫ਼ ਅਮਰੀਕੀ ਅਵਾਮ ਦਾ ਸੰਘਰਸ਼ ਸੋਸ਼ਲ ਮੀਡੀਆ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਦਾ ਹੈ। ਤੀਸਰੀ 'ਸੀ' ਕਰੋਨੀ ਕੈਪਟਿਲਿਜ਼ਮ ਹੈ। 76 ਫੀਸਦੀ ਅਮਰੀਕੀ ਸਮਝਦੇ ਹਨ ਕਿ ਚੁਣੇ ਹੋਏ ਸਿਆਸਤਦਾਨ (ਭਾਰਤ ਦੀ ਤਰ੍ਹਾਂ ਹੀ) ਆਪਣੀ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਣ ਦੀ ਬਜਾਏ ਆਪਣੇ ਢਿੱਡ ਭਰਨ ਵਿੱਚ ਲੱਗੇ ਹੋਏ ਹਨ। ਮੌਜੂਦਾ ਰਾਸ਼ਟਰਪਤੀ ਟਰੰਪ ਵੀ ਕ੍ਰਿਪਟੋਕਰੰਸੀ, ਟੈਕ ਕੰਪਨੀਆਂ ਅਤੇ ਰਿਜੋਰਟ ਵਪਾਰ ਰਾਹੀਂ ਬਿਲੀਅਨ ਡਾਲਰ ਇਕੱਠੇ ਕਰ ਰਿਹਾ ਹੈ। ਇਸ ਨੇ ਦਿਓਕੱਦ ਕੰਪਨੀਆਂ ਨੂੰ ਅਨੇਕਾਂ ਫਾਇਦੇ ਦਿੱਤੇ ਹਨ, ਪਰ ਸਿਹਤ, ਭੋਜਨ ਸੁਰੱਖਿਆ, ਆਰਥਿਕ ਸਮਾਨਤਾ ਆਦਿ ਵਿੱਚ ਇਸ ਦਾ ਯੋਗਦਾਨ ਮਨਫੀ ਹੈ।


ਚੌਥੀ 'ਸੀ' Cloddishness ਭਾਵ ਉਜੱਡਪੁਣਾ ਹੈ। ਅਮਰੀਕਾ ਨੇ ਗਿਆਨ ਦੇ ਵੱਡੇ ਸੋਮਿਆਂ ਦੇ ਰੂਪ ਵਿੱਚ ਸੰਸਾਰ ਪੱਧਰੀ ਯੂਨੀਵਰਸਿਟੀਆਂ ਦੀ ਸਥਾਪਨਾ ਕੀਤੀ, ਪਰ ਡੋਨਾਲਡ ਟਰੰਪ ਦੀ ਉਜੱਡ ਦ੍ਰਿਸ਼ਟੀ ਨੇ ਯੂਨੀਵਰਸਿਟੀ ਦੇ ਸੰਕਲਪ ਨਾਲ ਹੀ ਆਢਾ ਲਗਾ ਲਿਆ। ਵੱਖ-ਵੱਖ ਸਰਵੇ ਦੱਸਦੇ ਹਨ ਕਿ ਟਰੰਪ ਦੇ ਦੁਬਾਰਾ ਸੱਤਾ ਵਿੱਚ ਆਉਣ ਤੋਂ ਬਾਅਦ ਵਿਗਿਆਨਕ ਵਿਸ਼ਿਆਂ 'ਤੇ ਪੀ ਐੱਚ ਡੀ ਵਿੱਚ ਦਾਖਲੇ ਪੰਦਰਾਂ ਪ੍ਰਤੀਸ਼ਤ ਘਟ ਗਏ ਹਨ ਅਤੇ ਵਿਦੇਸ਼ੀ ਵਿਦਿਆਰਥੀਆਂ ਵੱਲੋਂ ਵੀ ਇਸ ਕੋਰਸ ਵਿੱਚ ਇੱਕੀ ਫੀਸਦੀ ਦਾਖਲੇ ਘਟੇ ਹਨ। ਟਰੰਪ ਤਾਂ ਆਰਟੀਫਿਸ਼ਲ ਇੰਟੈਲੀਜੈਂਸ ਦੀਆਂ ਕੰਪਨੀਆਂ 'ਤੇ ਮਿਹਰਬਾਨ ਹੈ, ਜਿਹਨਾਂ ਦੇ ਡਾਟਾ ਸੈਂਟਰ ਆਮ ਪਬਲਿਕ ਦੇ ਹਿੱਸੇ ਦੀ ਬਿਜਲੀ ਅਤੇ ਪਾਣੀ ਹੀ ਨਹੀਂ ਖਾ ਰਹੇ, ਬਲਕਿ ਵਾਤਾਵਰਨ ਨੂੰ ਵੀ ਤਬਾਹ ਕਰਨ ਲੱਗੇ ਹਨ। ਦਾਸ ਪੰਜਵੀਂ 'ਸੀ' ਦੇ ਰੂਪ ਵਿੱਚ ਕੌਂਫ਼ੀ ਨੂੰ ਰੱਖਦੀ ਹੈ। ਹਰ ਅਮਰੀਕੀ ਸਾਲ ਵਿੱਚ ਔਸਤ 116 ਗੈਲਨ ਕੌਂਫ਼ੀ ਪੀਂਦਾ

## ਡਾ. ਜਸਬੀਰ ਸਿੰਘ ਔਲਖ

ਹੈ। ਈਰਾਨ 'ਤੇ ਹਮਲੇ ਤੋਂ ਬਾਅਦ ਕੌਂਫ਼ੀ ਦੀਆਂ ਕੀਮਤਾਂ ਵਿੱਚ ਵੀਹ ਫ਼ੀਸਦੀ ਇਜ਼ਾਫਾ ਹੋਇਆ ਹੈ। ਇਸ ਪੰਜਵੀਂ ਸੀ ਨੇ ਟਰੰਪ ਨੂੰ ਕੈਂਸਲ ਕਰਵਾ ਦਿੱਤਾ!

ਟਰੰਪ ਦੀ ਨਸਲੀ ਸਿਆਸਤ ਨੂੰ ਪਿਛਲੇ ਸਾਲ ਵੀ ਵੱਡਾ ਝਟਕਾ ਲੱਗਾ ਸੀ, ਜਦੋਂ ਜੋਹਰਾਨ ਮਮਦਾਨੀ ਨੇ ਅਮਰੀਕਾ ਦੇ ਸਭ ਤੋਂ ਵੱਡੇ ਸ਼ਹਿਰ ਨਿਊਯਾਰਕ ਦੇ ਮੇਅਰ ਦੀ ਚੋਣ ਜਿੱਤੀ ਸੀ। ਮਮਦਾਨੀ ਭਾਰਤੀ ਮੂਲ ਦਾ ਹੈ, ਉਸ ਦੀ ਮਾਤਾ ਮਸ਼ਹੂਰ ਫਿਲਮਸਾਜ਼ ਮੀਰਾ ਨਾਇਰ ਅਤੇ ਪਿਤਾ ਯੂਗਾਂਡਾ ਦੇ ਪਿਛੋਕੜ ਤੋਂ ਹੈ। ਮਮਦਾਨੀ ਨੇ ਸ਼ਰੇਆਮ ਟਰੰਪ ਦੀਆਂ ਨਸਲਵਾਦੀ ਅਤੇ ਇਜ਼ਰਾਈਲ ਪੱਖੀ ਨੀਤੀਆਂ ਦਾ ਵਿਰੋਧ ਕੀਤਾ ਸੀ ਅਤੇ ਸਸਤੇ ਘਰਾਂ, ਸਭ ਲਈ ਸਿਹਤ ਸਹੂਲਤਾਂ, ਸਸਤੀ ਜਨਤਕ ਟਰਾਂਸਪੋਰਟ ਆਦਿ ਦੇ ਵਾਅਦੇ ਕੀਤੇ ਸਨ। ਟਰੰਪ ਨੇ ਨਾ ਸਿਰਫ਼ ਇਹਨਾਂ ਵਾਅਦਿਆਂ ਦਾ ਮੌਜੂ ਉਡਾਇਆ ਸੀ, ਬਲਕਿ ਉਸ ਦੇ ਮੁਸਲਿਮ ਅਤੇ ਪ੍ਰਵਾਸੀ ਪਿਛੋਕੜ 'ਤੇ ਵੀ ਹਮਲੇ ਕੀਤੇ ਸਨ। ਮਮਦਾਨੀ ਫਿਰ ਵੀ ਜੇਤੂ ਰਿਹਾ।ਇਹਨਾਂ ਚੋਣਾਂ ਵਿੱਚ ਵੀ ਮਿਸ਼ੀਗਨ ਤੋਂ ਸੈਨੇਟ ਦੀ ਚੋਣ ਡਾ. ਅਬਦੁਲ ਅਲ ਸਈਅਦ ਅਤੇ ਅਮਰੀਕਾ ਦੇ ਦੂਸਰੇ ਸਭ ਤੋਂ ਵੱਡੇ ਸ਼ਹਿਰ ਲਾਸ ਏਂਜਲਸ ਦੀ ਮੇਅਰ ਦੀ ਚੋਣ ਭਾਰਤੀ ਮੂਲ ਦੀ ਨਿਥਿਆ ਰਮਨ ਨੇ ਜਿੱਤੀ ਹੈ। ਜਿਸ ਮੁਲਕ ਵਿੱਚ ਪਿਛਲੀ ਇੱਕ ਚੁਥਾਈ ਸਦੀ ਤੋਂ ਮੁਸਲਿਮ ਸ਼ਬਦ ਨੂੰ ਹਕਾਮਤ ਨਾਲ ਵੇਖਿਆ ਜਾ ਰਿਹਾ ਸੀ, ਉੱਥੇ ਡਾ. ਸਈਅਦ ਦਾ ਸੈਨੇਟ ਦਾ ਪਹਿਲਾ ਮੁਸਲਿਮ ਮੈਂਬਰ ਚੁਣਿਆ ਜਾਣਾ ਆਪਣੇ ਆਪ ਵਿੱਚ ਹੀ ਇੱਕ ਸ਼ੁੱਭ ਸ਼ਗਨ ਮੰਨਿਆ ਜਾਣਾ ਚਾਹੀਦਾ ਹੈ। ਇਹ ਜਿੱਤ ਸਿਰਫ਼ ਡੈਮੋਕ੍ਰੇਟਿਕ ਪਾਰਟੀ ਦੀ ਹਨੇਰੀ ਦਾ ਹੀ ਨਤੀਜਾ ਨਹੀਂ, ਬਲਕਿ ਟਰੰਪ ਲਾਣੇ ਨੇ ਡਾ. ਸਈਅਦ ਦੇ ਖਿਲਾਫ਼ ਹਰ ਤਰ੍ਹਾਂ ਦੇ ਹੱਥਕੰਡੇ ਵਰਤੇ। ਓਪਨ ਸੀਕਰਟ ਨਾਂਅ ਦੀ ਸੰਸਥਾ ਜਿਹੜੀ ਫੈਡਰਲ ਇਲੈਕਸ਼ਨ ਕਮਿਸ਼ਨ ਦਾ ਡਾਟਾ ਟਰੈਕ ਕਰਦੀ ਹੈ, ਮੁਤਾਬਿਕ ਡੈਮੋਕ੍ਰੇਟਿਕ ਪਾਰਟੀ ਦੀ ਪ੍ਰਾਇਮਰੀ ਨਾਮਜ਼ਦਗੀ ਦੌਰਾਨ ਹੀ ਪਿਛਲੇ ਸਾਲ ਡਾ. ਸਈਅਦ ਦੀ ਨਾਮਜ਼ਦਗੀ ਰੋਕਣ ਅਤੇ ਉਸ ਬਾਰੇ ਦੁਸ਼ਟ ਪ੍ਰਚਾਰ ਲਈ 154.4 ਮਿਲੀਅਨ ਡਾਲਰ ਫੂਕੇ ਗਏ। ਇਸ ਦੇ ਨਾਲ ਹੀ ਡੈਮੋਕ੍ਰੇਟਿਕ ਪਾਰਟੀ ਦੇ ਦੂਸਰੇ ਪ੍ਰਤੀਯੋਗੀ ਹੇਲਨ ਸਟੀਵਨਸ ਦੇ ਪ੍ਰਚਾਰ ਲਈ ਇਜ਼ਰਾਈਲੀ ਲਾਬੀ ਨੇ 30.6 ਮਿਲੀਅਨ ਡਾਲਰ ਖਰਚ ਕੀਤੇ। ਡੈਮੋਕ੍ਰੇਟਿਕ ਪਾਰਟੀ ਦੀ ਨਾਮਜ਼ਦਗੀ ਹਾਸਲ ਹੋਣ ਤੋਂ ਬਾਅਦ ਇਸ ਲਾਬੀ ਨੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਮਾਈਕ ਰੋਜਰਸ ਲਈ 31.6 ਮਿਲੀਅਨ ਡਾਲਰ ਖਰਚ ਕੀਤੇ। ਮੀਡੀਆ ਟਰੈਕਿੰਗ ਫਰਮ ਐਡ-ਇੰਪੈਕਟ ਅਨੁਸਾਰ ਮਿਸ਼ੀਗਨ ਦੀ ਸੈਨੇਟ ਚੋਣ ਵਿੱਚ ਮੀਡੀਆ ਪ੍ਰਚਾਰ ਵਾਸਤੇ 278 ਮਿਲੀਅਨ ਡਾਲਰ ਦਾ ਖਰਚਾ ਹੋਇਆ, ਪਰ ਡਾ. ਅਲ-ਸਈਅਦ ਇਜ਼ਰਾਈਲ ਅਤੇ ਖਾੜੀ ਵਿੱਚ ਦੂਸਰੇ ਅਮਰੀਕੀ ਜੋਟੀਦਾਰਾਂ ਸਾਊਦੀ ਅਰਬ, ਜਾਰਡਨ ਅਤੇ ਮਿਸਰ ਨੂੰ ਅਮਰੀਕੀ ਫ਼ੌਜੀ ਸਹਾਇਤਾ ਰੋਕਣ ਦੇ ਆਪਣੇ ਵਾਅਦੇ 'ਤੇ ਅਡੋਲ ਰਿਹਾ। ਮਮਦਾਨੀ ਦੀ ਤਰ੍ਹਾਂ ਡਾ. ਅਲ-ਸਈਅਦ ਗਾਜ਼ਾ ਦੀ ਨਸਲਕੁਸ਼ੀ ਲਈ ਅਮਰੀਕਾ ਨੂੰ ਬਰਾਬਰ ਦਾ ਦੋਸ਼ੀ ਮੰਨਦਾ ਹੈ। ਪੀਊ ਰਿਸਰਚ ਦੇ ਸਰਵੇ ਅਨੁਸਾਰ ਅੱਸੀ ਪ੍ਰਤੀਸ਼ਤ ਤੋਂ ਵੱਧ ਡੈਮੋਕ੍ਰੇਟ ਅਤੇ ਉਹਨਾਂ ਦੇ ਪੱਖੀ ਵੋਟਰ ਇਜ਼ਰਾਈਲ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ। ਇਹ ਅੰਕੜਾ 2022 ਵਿੱਚ ਸਿਰਫ਼ 53 ਫੀਸਦੀ ਸੀ। ਡਾ. ਅਲ-ਸਈਅਦ ਦਾ ਨਾਅਰਾ ਸੀ, 'ਅਮੀਰਾਂ ਦੀ ਜੇਬ ਵਿੱਚੋਂ ਪੈਸਾ ਬਾਹਰ, ਇਹ ਪੈਸਾ ਤੁਹਾਡੀ ਜੇਬ ਵਿੱਚ ਅਤੇ ਸਿਹਤ ਸਹੂਲਤਾਂ ਸਾਰਿਆਂ ਲਈ (Money Out of Politics, Money In Your Pocket & Medicare For All)' ਉਸ ਨੇ ਆਪਣੀ ਚੋਣ ਮੁਹਿੰਮ ਦੌਰਾਨ ਕਾਰਪੋਰੇਟ ਫੰਡ ਲੈਣ ਤੋਂ ਇਨਕਾਰ ਕੀਤਾ ਅਤੇ ਮਿਸ਼ੀਗਨ ਸੂਬੇ ਵਿੱਚ ਏ ਆਈ ਕੰਪਨੀਆਂ ਵੱਲੋਂ ਉਸਾਰੇ ਜਾ ਰਹੇ ਡਾਟਾ ਸੈਂਟਰਾਂ ਦਾ ਵੀ ਵਿਰੋਧ ਕੀਤਾ। ਟਰੰਪ ਦੀਆਂ ਪ੍ਰਵਾਸੀ ਵਿਰੋਧੀ ਨੀਤੀਆਂ ਦਾ ਵਿਰੋਧ ਕਰਦੇ ਹੋਏ ਉਸ ਨੇ ਇਮੀਗ੍ਰੇਸ਼ਨ ਐਂਡ

# ਦੁਸ਼ਵਾਰੀਆਂ ਭਰੇ ਜੀਵਨ ਵੱਲ ਖੁੱਲ੍ਹਦੀ ਖਿੜਕੀ




## ਮੁਹੱਬਤ ਤੋਂ ਉਰ੍ਹੇ ਉਰ੍ਹੇ

**ਸਵੈ-ਬਿਰਤਾਂਤ**
**ਗੁਰਮੀਤ ਕੜਿਆਲਵੀ**
**ਸਫ਼ੇ : 144, ਮੁੱਲ : 250 ਰੁਪਏ**
**ਵਾਈਟ ਕਰੋਅ ਪਬਲਿਸ਼ਰਜ਼, ਰਣਜੀਤਗੜ੍ਹ ਬਾਂਦਰਾ**

ਕਿਤਾਬ 'ਮੁਹੱਬਤ ਤੋਂ ਉਰ੍ਹੇ ਉਰ੍ਹੇ' ਗੁਰਮੀਤ ਕੜਿਆਲਵੀ ਹੁਰਾਂ ਦਾ ਸਵੈਜੀਵਨੀ ਮੂਲਕ ਨਿਬੰਧ ਸੰਗ੍ਰਹਿ ਹੈ, ਜਿਸ ਨੂੰ ਲੇਖਕ ਨੇ ਸਵੈ-ਬਿਰਤਾਂਤ ਲਿਖ ਕੇ ਪਰਿਭਾਸ਼ਤ ਕੀਤਾ ਹੈ। ਪੁਸਤਕ ਵਿੱਚ ਲੇਖਕ ਜੀਵਨ ਦੀਆਂ ਦੁਸ਼ਵਾਰੀਆਂ ਅਤੇ ਗਰੀਬੀ 'ਚ ਠੇਡੇ ਖਾਂਦੇ ਬਚਪਨ, ਬਚਪਨ ਨੂੰ ਜਿਉਣ ਜੋਗਾ ਬਣਾਉਣ ਲਈ ਹਰ ਹੀਲਾ ਵਰਤਦੀ ਮਾਂ, ਕਿਰਤ ਦੀ ਲੁੱਟ ਕਰਵਾ ਕੇ ਕੀਤੀਆਂ ਪੜ੍ਹਾਈਆਂ ਅਤੇ ਫਿਰ ਨੌਕਰੀ ਲੈਣ ਤੱਕ ਦੇ ਸਫ਼ਰ ਨੂੰ ਪੇਸ਼ ਕੀਤਾ ਹੈ।

ਇਹ ਕਿਤਾਬ ਲੇਖਕ ਦਾ ਸਵੈ-ਬਿਰਤਾਂਤ ਨਾ ਰਹਿ ਕੇ ਸਮਾਜ ਦੇ ਉਸ ਹਿੱਸੇ ਦੇ ਜੀਵਨ ਦਾ ਦਸਤਾਵੇਜ਼ੀਕਰਨ ਵੀ ਹੈ, ਜਿੱਥੋਂ ਉੱਠ ਕੇ ਉੱਚੀ ਪੜ੍ਹਾਈ ਤੱਕ ਪਹੁੰਚ ਸਕਣਾ ਹੀ ਕੋਈ ਸੌਖਾ ਟੀਚਾ ਨਹੀਂ ਹੈ, ਜਿੱਥੇ ਜਿਉਂਦੇ ਰਹਿਣਾ ਹੀ ਪਹਿਲਾ ਸਵਾਲ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਇਹ ਵਰਗ ਜੋ ਕੁਝ ਹੰਢਾਉਂਦਾ ਹੈ, ਉਹ ਜ਼ਿੱਲਤ ਮਹਿਸੂਸ ਕਰਨੀ ਵੀ ਹਰੇਕ ਦੇ ਵੱਸ ਦਾ ਰੋਗ ਨਹੀਂ ਹੈ।

ਪੁਸਤਕ ਦਾ ਪਹਿਲਾ ਹੀ ਨਿਬੰਧ 'ਪੰਜਾਹ ਜਮਾਤਾਂ ਪਾਸ' ਬੇਹੱਦ ਕਠੋਰ ਤਲਖ਼ ਹਕੀਕਤਾਂ ਨੂੰ ਬਿਆਨ ਕਰਦਾ ਹੈ, ਜਿਸ ਵਿੱਚ ਲੇਖਕ ਆਪਣੀ ਬੀਬੀ (ਮਾਂ) ਦੇ ਜ਼ਿੰਦਗੀ ਜਿਉਣ ਦੇ ਸਿਰੜ ਨੂੰ ਬਿਆਨ ਕਰਦਾ ਹੈ। ਅੰਤਾਂ ਦੀ ਗਰੀਬੀ ਤੇ ਦੁਸ਼ਵਾਰੀਆਂ ਦੇ ਦਿਨਾਂ 'ਚ ਵੀ ਬੀਬੀ ਕਿਵੇਂ ਆਪਣੇ ਬੱਚਿਆਂ ਦੀ ਪੜ੍ਹਾਈ ਨੂੰ ਲੈ ਕੇ ਜਨੂੰਨੀ ਸੀ, ਜਿਵੇਂ ਉਸ ਨੂੰ ਅੰਬੇਡਕਰ ਪੜ੍ਹੇ ਬਿਨਾਂ ਹੀ ਪਤਾ ਸੀ ਕਿ ਸਿੱਖਿਆ ਸ਼ੇਰਨੀ ਦਾ ਦੁੱਧ ਹੈ। ਪਿਓ ਦੀ ਨੌਕਰੀ ਛੁੱਟ ਜਾਣ ਦੇ ਬਾਵਜੂਦ ਬੀਬੀ ਜ਼ਿੰਦਗੀ ਦੀ ਜੰਗ ਵਿਚ ਬਰਾਬਰ ਦੀ ਸਿਪਾਹੀ ਬਣ ਕੇ ਲੜਦੀ ਰਹੀ। ਉਹ ਜੰਗ ਦਾ ਮੈਦਾਨ ਭਾਵੇਂ ਖੇਤ ਹੋਣ, ਭਾਵੇਂ ਪਸ਼ੂਆਂ ਦੀਆਂ ਖੁਰਨੀਆਂ ਜਾਂ ਫਿਰ ਕਿਸੇ ਪੀਰ ਅੱਗੇ ਉਸ ਨੂੰ ਹੱਥ ਜੋੜਨੇ ਪਏ। ਪੁਸਤਕ ਪੜ੍ਹਦਿਆਂ ਲੱਗਦਾ ਹੈ ਇੱਕ ਔਰਤ ਮਾਂ ਦੇ ਰੂਪ 'ਚ ਸ਼ਾਇਦ ਸਭ ਤੋਂ ਵੱਧ ਮਜ਼ਬੂਤ ਰੂਪ 'ਚ ਪਰਗਟ ਹੁੰਦੀ ਹੈ ਪਰ ਸੋਚਣ ਵਾਲੀ ਗੱਲ ਇਹ ਕਿ ਬੀਬੀ ਕੋਲ ਇਉਂ ਮਜ਼ਬੂਤ ਬਣਨ ਤੋਂ ਬਿਨਾਂ ਕੋਈ ਚਾਰਾ ਹੈ ਵੀ ਸੀ ਜਾਂ ਨਹੀਂ ? ਲੇਖਕ ਦੀ ਬੀਬੀ ਨੂੰ ਸਮਝਦਿਆਂ ਹੈਰਾਨੀ ਹੁੰਦੀ ਹੈ ਕਿ ਵਾਰ-ਵਾਰ ਜ਼ਿੰਦਗੀ ਵੱਲੋਂ ਪਾਈਆਂ ਮਾਰਾਂ ਨੇ ਬੀਬੀ ਨੂੰ ਕਿਸੇ ਡਿਪਰੈਸ਼ਨ 'ਚ ਨਹੀਂ ਪਾਇਆ। ਉਹ ਜਿਵੇਂ ਕਿਵੇਂ ਜ਼ਿੰਦਗੀ ਦੀ ਗੱਡੀ ਨੂੰ ਰੇੜ੍ਹਦੀ ਹੀ ਜਾਂਦੀ ਰਹੀ। ਉਹ ਕਦੇ ਘਾਹ ਖੋਤਦੀ ਰਹੀ, ਕਦੇ ਬਾਬੇ ਧਿਆਉਂਦੀ ਰਹੀ, ਕਦੇ ਪੀਰਾਂ ਦੀ ਦੇਗ ਕਰਦੀ, ਕਦੇ ਪਸ਼ੂਆਂ ਨੂੰ ਘਰ ਦੇ ਜੀਆਂ ਵਾਂਗ ਸਾਂਭਦੀ। ਚਾਰ ਬੋਰੀਆਂ ਕਣਕ ਘਰ ਆ ਜਾਣ 'ਤੇ ਹੀ ਖੁਸ਼ ਹੁੰਦੀ। ਟੱਬਰ ਨੂੰ ਸੇਵੀਆਂ ਰਿੰਨ੍ਹ ਕੇ ਖਵਾਉਂਦੀ ਬੀਬੀ, ਪੁੱਤਾਂ ਦੀ ਪਾਸ ਕੀਤੀ ਹਰੇਕ ਜਮਾਤ ਤੋਂ ਬਾਅਦ ਧਰਤੀ 'ਤੇ ਪੈਰ ਨਾ ਲਾਉਣ ਵਾਲੀ ਬੀਬੀ ਨੇ ਲੱਖ ਮੁਸ਼ੱਕਤਾਂ ਬਾਅਦ ਵੀ ਜ਼ਿੰਦਗੀ ਨੂੰ ਸੈਲੀਬ੍ਰੇਟ ਕੀਤਾ ਹੈ। ਜਦੋਂ ਕਿ ਅਸੀਂ ਖੁਸ਼ ਹੋਣ ਲਈ ਕਿਸੇ ਵੱਡੇ ਕਾਰਨਾਂ ਦੀ ਉਡੀਕ ਕਰਨ ਲੱਗਦੇ ਹਾਂ, ਉੱਥੇ ਕਿਤਾਬ ਦੱਸਦੀ ਹੈ ਬੀਬੀ ਵਰਗੀਆਂ ਔਰਤਾਂ ਜ਼ਿੰਦਗੀ ਦੇ ਕਿੰਨੀਆਂ ਨੇੜੇ ਰਹੀਆਂ।

ਲੇਖਕ ਵੱਲੋਂ ਹੰਢਾਇਆ ਬਚਪਨ ਤੰਗੀਆਂ-ਤੁਰਸ਼ੀਆਂ ਨਾਲ ਭਰਪੂਰ ਸੀ, ਪਰ ਇਹ ਤੰਗੀਆਂ-ਤੁਰਸ਼ੀਆਂ ਸਿਰਫ਼ ਬਚਪਨ ਤੱਕ ਹੀ ਸੀਮਤ ਨਹੀਂ ਸਨ ਰਹਿਣੀਆਂ, ਬੇਰੁਜ਼ਗਾਰੀ ਅਤੇ ਯੋਗਤਾ ਤੋਂ ਘੱਟ ਨੌਕਰੀ ਦੇ ਦਰਦ ਨੇ ਅਜੇ ਹੋਰ ਇਮਤਿਹਾਨ ਲੈਣੇ ਸਨ। ਕਿਸੇ ਲੇਖਕ ਦਾ ਹੱਡੀਂ ਹੰਢਾਇਆ ਦਰਦ ਅਤੇ ਅਨੁਭਵ ਹੀ ਉਸ ਦੀਆਂ ਲਿਖਤਾਂ ਦੀ ਪੁਖ਼ਤਗੀ ਦਾ ਗਵਾਹ ਬਣਦਾ ਹੈ। ਤਲਖ ਤਜਰਬੇ ਹੀ ਚਰਿੱਤਰ ਨੂੰ ਘੜਦੇ ਹਨ ਤੇ ਫਿਰ ਉਹੀ ਤਜਰਬੇ ਲਿਖਤਾਂ ਵਿੱਚੋਂ ਵੀ ਝਲਕਦੇ ਹਨ। ਨਹਿਰਾਂ, ਖੇਤਾਂ ਅਤੇ ਦਫ਼ਤਰਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਕਿਰਤ ਨੂੰ ਲੁੱਟ ਕੇ ਲੈ ਜਾਣ ਦਾ ਕੋਈ ਵੀ ਗਵਾਹ ਨਹੀਂ, ਕੋਈ ਵਾਲੀਵਾਰਸ ਨਹੀਂ, ਬੱਸ ਅਜਿਹੀਆਂ ਲਿਖਤਾਂ ਹੀ ਉਹਨਾਂ ਦੇ ਦਰਦ ਨੂੰ ਜ਼ੁਬਾਨ ਦਿੰਦੀਆਂ ਹਨ। ਇੱਥੇ ਆ ਕੇ ਹੀ ਸਾਹਿਤ ਸਭ ਦੇ ਹਿੱਤ ਵਾਲੀ ਪਰਿਭਾਸ਼ਾ ਨੂੰ ਸਾਕਾਰ ਕਰਦਾ ਹੈ।

ਪੁਸਤਕ ਦੇ ਇੱਕ ਹਿੱਸੇ ਵਿੱਚ 'ਭੋਲੇ ਬੰਦੇ ਸਿਰ ਤਾਜ' ਅਤੇ 'ਪੁੱਠਾ ਪੰਗਾ' ਲੇਖਕ ਦੇ ਅਫ਼ਸਰ ਬਣਨ ਤੋਂ ਬਾਅਦ ਵੋਟਾਂ ਵਿੱਚ ਜ਼ਿੰਮੇਵਾਰ ਅਧਿਕਾਰੀ ਵਜੋਂ ਨਿਭਾਈ ਔਖੀ ਡਿਊਟੀ ਦੇ ਰੌਚਕ ਬਿਰਤਾਂਤ ਵੀ ਪੜ੍ਹਨ ਨੂੰ ਮਿਲਦੇ ਹਨ। ਨੌਕਰੀ ਪਾਉਣ ਤੋਂ ਪਹਿਲਾਂ ਕੀਤੀ ਜੱਦੋ-ਜਹਿਦ ਕਰਕੇ ਲੇਖਕ ਨੌਕਰੀ ਮਿਲਣ ਨੂੰ 'ਬਾਰੀਂ ਸਾਲੀਂ ਰੂੜੀ ਦੀ ਸੁਣੀ ਜਾਣਾ' ਕਹਿੰਦਾ ਹੈ। ਆਮ ਮਨੁੱਖ ਵਾਂਗ ਉਸ ਨੂੰ ਵੀ ਨੌਕਰੀ ਪ੍ਰਤੀ ਬਹੁਤ ਉਤਸ਼ਾਹ ਸੀ, ਪਰ ਇਹ ਉਤਸ਼ਾਹ ਬਹੁਤਾ ਚਿਰ ਕਾਇਮ ਨਹੀਂ ਰਹਿ ਪਾਉਂਦਾ। ਨੌਕਰੀ ਦੌਰਾਨ ਆਸ ਦੇ ਉਲਟ ਅਜਿਹੇ ਲੋਕਾਂ ਨਾਲ ਵਾਹ ਪੈਂਦਾ ਹੈ, ਜਿਹੜੇ ਅਣਸੱਦੇ ਪ੍ਰਾਹੁਣਿਆਂ ਵਾਂਗ ਲੇਖਕ ਦੀ ਇਮਾਨਦਾਰੀ ਅਤੇ ਉਤਸ਼ਾਹ ਵਿੱਚ ਖਲਲ ਪਾਉਂਦੇ ਰਹੇ, ਜਿਸ ਤੋਂ ਪਤਾ ਚੱਲਦਾ ਹੈ ਕਿ ਕਿਵੇਂ ਇੱਕ ਇਕੱਲਾ ਬੰਦਾ ਭ੍ਰਿਸ਼ਟ ਸਿਸਟਮ ਸਾਹਮਣੇ ਬੇਵੱਸ ਹੋ ਕੇ ਰਹਿ ਜਾਂਦਾ ਹੈ। ਇਹ ਉਤਸ਼ਾਹ ਤਾਂ ਨੌਕਰੀ 'ਚ ਪੈਰ ਪਾਉਂਦਿਆਂ ਹੀ ਖਤਮ ਹੋ ਜਾਂਦਾ ਹੈ, ਜਦੋਂ ਮਹਿਜ਼ ਨਿਯੁਕਤੀ ਪੱਤਰ ਵਾਸਤੇ ਵੀ ਵਾਰ-ਵਾਰ ਚੰਡੀਗੜ੍ਹ ਜਾਣਾ ਪੈਂਦਾ ਹੈ। ਲੇਖਕ ਨੂੰ ਚਿਰਾਂ ਬਾਅਦ ਮਿਲੀ ਨੌਕਰੀ ਵੀ 'ਸੂਲਾਂ ਦੀ ਸੇਜ' ਮਹਿਸੂਸ ਹੁੰਦੀ ਹੈ। ਸਾਹਿਤਕ ਰੁਚੀਆਂ ਵਾਲੇ, ਭਾਵਨਾਤਮਕ ਸੋਚ ਵਾਲੇ ਅਤੇ ਮੁਸ਼ੱਕਤਾਂ ਝੱਲ ਕੇ ਕਿਰਤੀ ਪਰਵਾਰ 'ਚੋਂ ਕਿਸੇ ਮੁਕਾਮ 'ਤੇ ਪਹੁੰਚਣ ਵਾਲੇ ਲੋਕਾਂ ਵਾਸਤੇ ਨੌਕਰੀ ਕਦੇ ਵੀ ਐਸ਼-ਪ੍ਰਸਤੀ ਦਾ ਸਾਧਨ ਨਹੀਂ ਹੁੰਦੀ। ਉਹਨਾਂ ਦਾ 'ਸ਼ਾਰਟ ਕੱਟ' ਰਾਹੀਂ ਆਏ ਲੋਕਾਂ ਤੋਂ ਵੱਖਰਾ ਦਿਸਣਾ ਸੁਭਾਵਿਕ ਹੈ ਤੇ ਦਿਖਣਗੇ ਵੀ ਅਤੇ ਨਾਲ ਦੀ ਨਾਲ ਵੱਖਰੀਆਂ ਸਮੱਸਿਆਵਾਂ ਨਾਲ ਵੀ ਜੂਝਣਗੇ। ਓਸੇ ਮਾਨਸਿਕ ਪੀੜਾ ਦਾ ਜ਼ਿਕਰ 'ਸੂਲਾਂ ਦੀ ਸੇਜ' ਅਤੇ 'ਜੇਲ੍ਹ ਦੇ ਕਬੂਤਰ' ਨਾਂਅ ਦੇ ਇਹਨਾਂ ਬਿਰਤਾਂਤਾਂ ਰਾਹੀਂ ਪੜ੍ਹਨ ਨੂੰ ਮਿਲਦਾ ਹੈ, ਜਦੋਂ ਬੇਕਸੂਰ ਹੋਣ ਦੇ ਬਾਵਜੂਦ ਲੇਖਕ ਨੂੰ ਸ਼ਿਕਾਇਤਾਂ, ਮੁਅੱਤਲੀਆਂ ਅਤੇ ਜੇਲ੍ਹਾਂ ਤੱਕ ਵੀ ਜਾਣਾ ਪੈਂਦਾ ਹੈ। ਢੀਠ ਬੰਦਿਆਂ ਦੀ ਦੁਨੀਆ ਵਿੱਚ ਸੈਂਸਟਿਵ ਬੰਦੇ ਨੂੰ ਆਪਣੇ ਇਮੋਸ਼ਨਲ ਹੋਣ ਦਾ ਕਰਜ਼ ਤਾਂ ਚੁਕਾਉਣਾ ਹੀ ਪੈਣਾ ਸੀ, ਲੇਖਕ ਨੂੰ ਵੀ ਵਿਆਜ ਸਮੇਤ ਮੋੜਨਾ ਪੈਂਦਾ ਹੈ।

ਕਿਤਾਬ ਆਪਣੇ ਸਿਰਲੇਖ ਨੂੰ ਸਾਕਾਰ ਕਰਦੀ ਹੋਈ 'ਮੁਹੱਬਤ ਤੋਂ ਉਰ੍ਹੇ ਉਰ੍ਹੇ' ਹੀ ਰਹਿੰਦੀ ਹੈ, ਕਿਉਂਜੋ ਇਹ ਕਿਤਾਬ ਭਾਵੇਂ ਲੇਖਕ ਦੇ ਸਾਰੇ ਜੀਵਨ ਦਾ ਕ੍ਰਮਵਾਰ ਬਿਰਤਾਂਤ ਨਹੀਂ ਹੈ, ਪਰ ਫਿਰ ਵੀ ਵੱਖਰੇ-ਵੱਖਰੇ ਪ੍ਰਸੰਗਾਂ ਨੇ ਮੁਹੱਬਤ ਤੋਂ ਉਰ੍ਹਾਂ ਰਹਿ ਜਾਣ ਦਾ ਕਾਰਨ ਦੱਸਿਆ ਹੈ। ਲੇਖਕ ਆਪਣੀ ਜੀਵਨ ਸਾਥਣ ਸਿਮਰ ਦਾ ਜ਼ਿਕਰ ਤਾਂ ਕਰਦਾ ਹੈ, ਪਰ ਸਿਮਰ ਤੱਕ ਪਹੁੰਚਣ ਦੀ ਦਾਸਤਾਨ ਵੱਲੋਂ ਚੁੱਪ ਵੱਟੀ ਰੱਖਦਾ ਹੈ, ਇਸ ਤੋਂ ਪਹਿਲਾਂ ਬਾਲਪੀਤ ਮਿਲਣੀ ਕਾਫਲੇ ਨਾਲ ਚੱਲਦੇ-ਚੱਲਦੇ ਕਿਸੇ ਮੈਡਮ ਦੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਆਉਣ ਦੀ ਕੋਸ਼ਿਸ਼ ਅਤੇ ਫਿਰ ਇਸ਼ਕ ਨਾਲੋਂ ਜਾਤ ਵੱਡੀ ਹੋ ਜਾਣ ਕਰਕੇ ਉਸ ਕਹਾਣੀ ਦੇ ਅਧੂਰੀ ਰਹਿਣ ਦਾ ਬਿਆਨ ਸਮਾਜ ਦੀ ਕਾਫੀ ਤਲਖ-ਹਕੀਕਤ ਨੂੰ ਬਿਆਨ ਕਰ ਜਾਂਦਾ ਹੈ।

ਖੈਰ ਹਰੇਕ ਪਾਠਕ ਨੇ ਆਪਣੀ ਸਮਝ, ਬੁੱਧੀ ਅਤੇ ਉਮਰ ਅਨੁਸਾਰ ਪੁਸਤਕ 'ਚੋਂ ਚੋਗ ਚੁਗਣਾ ਹੁੰਦਾ ਹੈ, ਪੁਸਤਕ ਪੜ੍ਹਨ ਤੋਂ ਬਾਅਦ ਮੇਰੇ ਮਨ ਉੱਤੇ ਲੇਖਕ ਦੀ ਬੀਬੀ ਛਾਈ ਰਹੀ ਹੈ, ਇੰਜ ਲੱਗਦਾ ਹੈ ਕਿ ਲੇਖਕ ਨੂੰ ਸੰਘਰਸ਼ ਦੀ ਚਿਣਗ ਬੀਬੀ ਨੇ ਲਾਈ ਹੈ ਤੇ ਬੀਬੀ ਦੇ ਕੀਤੇ ਦਾ ਫਲ ਹੀ ਲੇਖਕ ਨੇ ਖਾਧਾ ਹੈ। ਜਿਵੇਂ ਕਿ ਲੇਖਕ ਮਜ਼ਦੂਰਾਂ, ਕਿਰਤੀਆਂ ਲਈ ਬਣੇ ਸਿਧਾਂਤਾਂ ਅਤੇ ਉਹਨਾਂ ਲਈ ਲਿਖੀਆਂ ਕਵਿਤਾਵਾਂ ਦਾ ਜ਼ਿਕਰ ਕਰਦੇ ਹੋਏ ਕਹਿੰਦਾ ਹੈ ਕਿ ਫਲਾਨੀ ਗੱਲ ਤਾਂ ਮਗਰੋਂ ਪੜ੍ਹੀ, ਪਰ ਪਿੰਡੇ 'ਤੇ ਪਹਿਲਾਂ ਹੰਢਾਅ ਲਈ; ਮਸਲਨ 'ਮਜ਼ਦੂਰ ਨੂੰ ਉਸ ਦੀ ਦਿਹਾੜੀ ਪਸੀਨਾ ਸੁੱਕਣ ਤੋਂ ਪਹਿਲਾਂ ਮਿਲਣੀ ਚਾਹੀਦੀ ਹੈ'। ਓਸੇ ਤਰ੍ਹਾਂ ਬਿਨਾਂ ਕਿਸੇ ਵੱਡੇ ਸਿਧਾਂਤ ਦਾ ਰੌਲਾ ਪਾਏ ਲੇਖਕ ਹੱਡ-ਬੀਤੀਆਂ ਰਾਹੀਂ, ਬੀਬੀ ਰਾਹੀਂ ਔਰਤ ਹੋਣ ਦੇ ਵੱਡੇ ਅਰਥ ਸਮਝਾਉਂਦਾ ਹੈ।

ਬਚਪਨ 'ਚ ਗਰੀਬੀ, ਬਾਪ ਦੀ ਬੇਰੁਜ਼ਗਾਰੀ, ਮਾਂ ਦੀ ਬਿਮਾਰੀ ਨਾਲ ਘੁਲਦਿਆਂ ਕਈ ਤਰ੍ਹਾਂ ਦੇ ਮੋੜ ਘੋੜ ਕੱਟਦਿਆਂ ਪੂਰੀ ਕੀਤੀ ਪੜ੍ਹਾਈ, ਫਿਰ ਨੌਕਰੀ ਤੋਂ ਪਹਿਲਾਂ ਕੀਤੀ ਮਜ਼ਦੂਰੀ, ਕਿਰਤ ਦੀ ਲੁੱਟ ਦੇ ਝੰਬੇ ਲੇਖਕ ਨੂੰ ਜ਼ਿੰਦਗੀ ਨੇ ਲਿਖਾਰੀ ਬਣਨ ਦੀ ਲੰਮੀ ਡਿਗਰੀ ਕਰਵਾਈ। ਇਸ ਤਰ੍ਹਾਂ ਡੇਢ ਕੁ ਸੌ ਸਫ਼ੇ ਦੀ ਇਹ ਕਿਤਾਬ ਲੇਖਕ ਦੇ ਜੀਵਨ ਵੱਲ ਖੁੱਲ੍ਹਦੀ ਛੋਟੀ ਜਿਹੀ ਬਾਰੀ ਵਾਂਗ ਬੜੇ ਰੌਚਕ ਤਾਰੀਕੇ ਨਾਲ ਸਾਨੂੰ ਆਪਣੇ ਨਾਲ ਜੋੜੀ ਰੱਖਦੀ ਹੈ। ਲੇਖਕ ਦੀ ਭਾਸ਼ਾ ਵਿੱਚ ਠੇਠ ਮਲਵਈ ਦੇ ਕਈ ਸ਼ਬਦ ਮਲਵਈ ਪਾਠਕਾਂ ਨੂੰ ਕਿਤਾਬ ਦੇ ਹੋਰ ਨੇੜੇ ਕਰਨ 'ਚ ਸਹਾਇਤਾ ਕਰਦੇ ਹਨ। ਵਾਕ ਬਣਤਰ ਦੀ ਚੁਸਤੀ ਅਤੇ ਲੇਖਕ ਦੇ ਮੂਲ ਰੂਪ ਵਿਚ ਗਲਪਕਾਰ ਹੋਣ ਦਾ ਫਾਇਦਾ ਵੀ ਪਾਠਕਾਂ ਨੂੰ ਪੂਰਾ ਮਿਲੇਗਾ, ਕਿਉਂ ਜੋ ਲੇਖਕ ਨੂੰ ਕਹਾਣੀ ਸੁਣਾਉਣ ਦਾ ਖਾਸਾ ਵੱਲ ਹੈ। ਜੀਵਨ ਦੀ ਹਰੇਕ ਘਟਨਾ ਨੂੰ ਦੇਸ਼ ਵਿੱਚ ਵਾਪਰ ਰਹੀ ਕਿਸੇ ਵੱਡੀ ਘਟਨਾ ਨਾਲ ਜੋੜ ਕੇ ਕਹਿ ਜਾਣ ਦੀ ਚੁਸਤੀ ਪਾਠਕਾਂ ਨੂੰ ਹੈਰਾਨ ਕਰਦੀ ਹੈ।

ਕਿਤਾਬ ਲਿਖ ਕੇ ਲੇਖਕ ਮਹਿਜ਼ ਆਪਣੇ ਸੰਘਰਸ਼ ਅਤੇ ਦੁਸ਼ਵਾਰੀਆਂ ਦੀ ਗਾਥਾ ਹੀ ਨਹੀਂ ਸੁਣਾ ਰਿਹਾ, ਬਲਕਿ ਉਸ ਪ੍ਰਬੰਧ ਵੱਲ ਵੀ ਇਸ਼ਾਰਾ ਕਰਦਾ ਹੈ, ਜੋ ਕਿਸੇ ਬੱਚੇ ਤੋਂ ਬਚਪਨ ਅਤੇ ਔਰਤ ਤੋਂ ਜਵਾਨੀ ਖੋਹ ਲੈਂਦਾ ਹੈ ਅਤੇ ਇਮਾਨਦਾਰ ਅਤੇ ਭਾਵੁਕ ਬੰਦੇ ਨੂੰ ਸੱਚਾ ਬਣਿਆ ਨਹੀਂ ਰਹਿਣ ਦਿੰਦਾ। ਕਿਤਾਬ ਪੜ੍ਹਨ ਤੋਂ ਬਾਅਦ ਮਹਿਸੂਸ ਹੁੰਦਾ ਹੈ ਕਿ ਲੇਖਕ ਨੇ ਜੀਵਨੀ ਲਿਖਣ ਲਈ ਕਲਮ ਬਾਅਦ ਵਿੱਚ ਚੁੱਕੀ ਹੋਏਗੀ, ਪਰ ਇਹ ਦਾਸਤਾਨ ਕਈ ਜਣਿਆਂ ਦੇ ਪਿੰਡੇ 'ਤੇ ਪਹਿਲਾਂ ਲਿਖੀ ਜਾ ਚੁੱਕੀ ਸੀ, ਜਿਸ ਕਰਕੇ ਇਹ ਕਿਤਾਬ ਸਿਰਫ਼ ਸਵੈ ਬਿਰਤਾਂਤ ਨਾ ਰਹਿ ਕੇ ਉਸ ਤੋਂ ਵਡੇਰੇ ਅਰਥਾਂ ਵਿੱਚ ਸਾਕਾਰ ਹੁੰਦੀ ਹੈ।

ਮੋਬਾ. 73475-51953

## ਜੁੱਤੀ ਕਸੂਰੀ

**ਯਾਦਵਿੰਦਰ ਸਿੰਘ ਤਪਾ**
**ਪੰਨੇ-112, ਮੁੱਲ-250 ਰੁਪਏ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

ਯਾਦਵਿੰਦਰ ਸਿੰਘ ਤਪਾ ਨੇ ਹੁਣ ਤੱਕ ਪੰਜਾਬੀ ਸਾਹਿਤ ਦੇ ਖੇਤਰ ਵਿਚ ਤਿੰਨ ਨਾਵਲ, ਇਕ ਕਹਾਣੀ ਸੰਗ੍ਰਹਿ, ਇਕ ਗ਼ਜ਼ਲ ਸੰਗ੍ਰਹਿ ਤੇ ਇਕ ਸਵੈ ਜੀਵਨੀ ਪੁਸਤਕ ਦਾ ਯੋਗਦਾਨ ਪਾਇਆ ਹੈ। ਜਦੋਂ ਉਹ ਨਾਵਲਕਾਰੀ ਦੇ ਖੇਤਰ ਵਿਚ ਉੱਘੜਵੀਂ ਪਛਾਣ ਬਣਾ ਚੁੱਕਾ ਸੀ ਤਾਂ ਪੱਤਰਕਾਰੀ ਦੇ ਖੇਤਰ ਨੇ ਉਸ ਨੂੰ ਆਪਣੇ ਵੱਲ ਖਿੱਚ ਲਿਆ। ਇਸ ਨਵੇਂ ਖੇਤਰ ਦੇ ਕੌੜੇ-ਮਿੱਠੇ ਤਜਰਬਿਆਂ ਨੇ ਨਾ ਸਿਰਫ ਉਸ ਨੂੰ ਫਿਰ ਤੋਂ ਨਾਵਲਕਾਰੀ ਦੇ ਖੇਤਰ ਵਿਚ ਉਸ ਦੀ ਅਹਿਮੀਅਤ ਦਾ ਅਹਿਸਾਸ ਕਰਵਾਇਆ ਹੈ, ਸਗੋਂ ਉਸ ਤੋਂ ਨਵਾਂ ਨਾਵਲ 'ਜੁੱਤੀ ਕਸੂਰੀ' ਲਿਖਵਾ ਲਿਆ ਹੈ। ਭਾਵੇਂ ਉਹ ਪੱਤਰਕਾਰਤਾ ਤੋਂ ਫਿਰ ਦੁਬਾਰਾ ਨਾਵਲਕਾਰੀ ਦੇ ਖੇਤਰ ਵਿਚ ਆਉਣ ਵਾਲਾ ਪਹਿਲਾ ਨਾਵਲਕਾਰ ਨਹੀਂ ਹੈ, ਪਰ ਪੱਤਰਕਾਰੀ ਖੇਤਰ ਦੀਆਂ ਲੁਕਵੀਆਂ ਪਰਤਾਂ ਨੂੰ ਜਨਤਕ ਕਰਨ ਦੀ ਹਿੰਮਤ ਕਰਕੇ ਉਸ ਨੇ ਇਸ ਨਵੀਂ ਬਹਿਸ ਨੂੰ ਜਨਮ ਦਿੱਤਾ ਹੈ ਕਿ ਜੇ ਇਹ ਪੱਤਰਕਾਰੀ ਦਾ ਖੇਤਰ ਰਾਜਨੀਤਕ, ਸਮਾਜਿਕ ਤੇ ਆਰਥਿਕ ਖੇਤਰਾਂ ਵਿਚਲੀਆਂ ਖਾਮੀਆਂ ਤੇ ਵਿਸੰਗਤੀਆਂ ਨੂੰ ਲੋਕ ਚਰਚਾ ਦਾ ਵਿਸ਼ਾ ਬਣਾਉਂਦਾ ਹੈ ਤਾਂ ਫਿਰ ਕਿਉਂ ਨਾ ਸਮੇਂ ਨਾਲ ਇਸ ਵਿਚ ਆਈਆਂ ਖਾਮੀਆਂ ਨੂੰ ਜਨਤਕ ਕਰਕੇ ਇਹਨਾਂ ਨੂੰ ਵੀ ਚਰਚਾ ਅਧੀਨ ਲਿਆਂਦਾ ਜਾਵੇ।

ਜਦੋਂ ਪੱਤਰਕਾਰ ਭਾਈਚਾਰਾ ਇਸ ਨਾਵਲ ਨੂੰ ਪੜ੍ਹੇਗਾ ਤਾਂ ਉਸ ਅੰਦਰਲੇ ਆਪਣੇ ਬਾਰੇ ਹੀ ਬਣਾਏ ਕਈ ਭਰਮ ਵੀ ਟੁੱਟਣਗੇ ਤੇ ਇਹ ਵੀ ਪਤਾ ਲੱਗ ਜਾਵੇਗਾ ਕਿ ਪੱਤਰਕਾਰਾਂ ਨੂੰ ਹੁੰਦੀਆਂ ਸਲਾਮਾਂ ਪਿਆਰ ਤੇ ਸਤਿਕਾਰ ਤੋਂ ਕਿੰਨੀਆਂ ਵਿਹੂਣੀਆਂ ਤੇ ਸਵਾਰਥੀ ਗਰਜ਼ਾਂ ਵਿਚ ਕਿੰਨੀਆਂ ਲਥਰੇਜ਼ ਹੁੰਦੀਆਂ ਹਨ। ਇਹ ਨਾਵਲ ਇਕ ਅਜਿਹੇ ਇਮਾਨਦਾਰ ਪੱਤਰਕਾਰ ਦੀ ਦਾਸਤਾਨ ਬਿਆਨਦਾ ਹੈ, ਜੋ ਆਪਣੇ ਪੈਰਾਂ ਵਿੱਚ ਪੱਤਰਕਾਰੀ ਦੀ ਕਸੂਰੀ ਜੁੱਤੀ ਵੀ ਪਾ ਲੈਂਦਾ ਹੈ ਤੇ ਆਪਣੀ ਮਿਹਨਤ ਨਾਲ ਅਖਬਾਰ ਦੇ ਜ਼ਿਲ੍ਹਾ ਦਫਤਰ ਦਾ ਇੰਚਾਰਜ ਵੀ ਬਣ ਜਾਂਦਾ ਹੈ, ਪਰ ਜਦੋਂ ਇਹ ਜੁੱਤੀ ਉਸ ਦੇ ਮੇਚ ਨਹੀਂ ਆਉਂਦੀ ਤਾਂ ਸਿਰਫ ਉਸ ਦੇ ਪੈਰ ਹੀ ਜ਼ਖਮੀ ਨਹੀਂ ਹੁੰਦੇ, ਸਗੋਂ ਉਸ ਦੀ ਜ਼ਮੀਰ ਵੀ ਜ਼ਖਮੀ ਹੁੰ

# ਕਿਰਪਾਲ ਕਜ਼ਾਕ ਵੱਲੋਂ 21ਵਾਂ ਭਾਪਾ ਪ੍ਰੀਤਮ ਸਿੰਘ ਯਾਦਗਾਰੀ ਭਾਸ਼ਣ

ਨਵੀਂ ਦਿੱਲੀ: ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਇੱਥੋਂ ਦੇ ਪੰਜਾਬੀ ਭਵਨ ਵਿਖੇ 21ਵਾਂ ਭਾਪਾ ਪ੍ਰੀਤਮ ਸਿੰਘ ਯਾਦਗਾਰੀ ਭਾਸ਼ਨ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਵਿੱਚ ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਭਾਪਾ ਪ੍ਰੀਤਮ




ਸਿੰਘ ਅਤੇ ਇਸ ਯਾਦਗਾਰੀ ਭਾਸ਼ਣ ਦੀ ਰੂਪ-ਰੇਖਾ ਤੇ ਪਿਛੋਕੜ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਭਾਪਾ ਜੀ ਦੇ ਦੇਹਾਂਤ ਤੋਂ ਬਾਅਦ ਸਾਲ 2005 ਵਿੱਚ ਸ਼ੁਰੂ ਕੀਤੀ ਗਈ ਇਸ ਯਾਦਗਾਰੀ ਭਾਸ਼ਣ ਲੜੀ ਤਹਿਤ ਇਸ ਸਾਲ ਇਹ 21ਵਾਂ ਸਮਾਗਮ ਕਰਵਾਇਆ ਗਿਆ ਹੈ।

ਸਭਾ ਦੀ ਚੇਅਰਪਰਸਨ ਪ੍ਰੋ. ਰੇਣੁਕਾ ਸਿੰਘ ਨੇ ਸਾਰਿਆਂ ਦਾ ਰਸਮੀ ਸਵਾਗਤ ਕਰਦਿਆਂ ਕਿਹਾ ਕਿ ਭਾਪਾ ਜੀ ਦਾ ਇਹ ਸੁਪਨਾ ਸੀ ਕਿ ਦਿੱਲੀ ਵਿੱਚ ਪੰਜਾਬੀ ਲੇਖਕਾਂ ਲਈ ਇੱਕ ਅਜਿਹਾ ਕੇਂਦਰ ਹੋਵੇ, ਜਿੱਥੇ ਮਿਲ ਬੈਠ ਕੇ ਉਹ ਪੰਜਾਬੀ ਭਾਸ਼ਾ ਅਤੇ ਸਾਹਿਤ ਬਾਰੇ ਵਿਚਾਰ-ਵਟਾਂਦਰਾ ਕਰ ਸਕਣ। ਉਨ੍ਹਾਂ ਕਿਹਾ ਕਿ ਇਸ ਲੜੀ ਤਹਿਤ ਹਰ ਵਾਰ ਇੱਕ ਨਵੇਂ ਵਿਸ਼ੇ ਤੇ ਭਾਸ਼ਣ ਕਰਵਾਇਆ ਜਾਂਦਾ ਹੈ, ਜਿਸ ਦਾ ਵਿਦਿਆਰਥੀਆਂ ਅਤੇ ਖੋਜਾਰਥੀਆਂ ਨੂੰ ਵਿਸ਼ੇਸ਼ ਲਾਭ ਹੁੰਦਾ ਹੈ।ਉੱਘੇ ਗਲਪਕਾਰ ਅਤੇ ਲੋਕ ਸੱਭਿਆਚਾਰ ਤੇ ਲੋਕਧਾਰਾ ਦੇ ਵਿਦਵਾਨ ਕਿਰਪਾਲ ਕਜ਼ਾਕ ਨੇ ਭਾਪਾ ਪ੍ਰੀਤਮ ਸਿੰਘ ਦੀਆਂ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਯਾਦ ਕਰਦਿਆਂ ਲੋਕ ਸੱਭਿਆਚਾਰ ਅਤੇ ਲੋਕਧਾਰਾ: ਮੌਖਿਕ ਜ਼ਬਾਬਤੇ ਵਿਸ਼ੇ ਤੇ ਆਪਣਾ ਯਾਦਗਾਰੀ ਭਾਸ਼ਣ ਪੇਸ਼ ਕੀਤਾ।ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ ਪ੍ਰੋ. ਜਸਪਾਲ ਸਿੰਘ ਨੇ ਕਿਰਪਾਲ ਕਜ਼ਾਕ ਦੇ ਸੰਖੇਪ ਤੇ ਭਾਵਪੂਰਤ ਭਾਸ਼ਣ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਕਜ਼ਾਕ ਨੇ ਜਨਮ, ਵਿਆਹ ਅਤੇ ਮੌਤ ਆਦਿ ਦੇ ਹਵਾਲੇ ਨਾਲ ਬੜੀਆਂ ਢੁਕਵੀਆਂ ਉਦਾਹਰਣਾਂ ਦਿੱਤੀਆਂ ਹਨ ਅਤੇ ਲੋਕ ਸੱਭਿਆਚਾਰ ਨਾਲ ਸਬੰਧਤ ਇਹ ਕਾਰ-ਵਿਹਾਰ ਤੇ ਰਸਮ-ਰਿਵਾਜ ਕਿਸੇ ਸਮਾਜਿਕ ਸਮੂਹ ਵਿੱਚ ਅੱਗੇ ਕਿਵੇਂ ਤੁਰਦੇ ਹਨ, ਇਸ ਨੂੰ ਇਸ ਸੰਖੇਪ ਪਰਚੇ ਵਿੱਚ ਬੜੇ ਸਰਲ ਤਰੀਕੇ ਨਾਲ ਸਮਝਾਉਣ ਦਾ ਯਤਨ ਕੀਤਾ ਗਿਆ ਹੈ।ਇਸ ਮੌਕੇ ਪ੍ਰੋ. ਰਵੇਲ ਸਿੰਘ, ਡਾ. ਵਨੀਤਾ, ਗੁਰਚਰਨ ਸਾਰੂ, ਪ੍ਰੋ. ਭਗਵਾਨ ਜੋਸ਼, ਰੂਪ ਸਿੰਘ, ਸੁਕੀਰਤ, ਡਾ. ਮਹਿੰਦਰ ਸਿੰਘ, ਗੁਰਭੇਜ ਸਿੰਘ ਗੁਰਾਇਆ, ਸੁਰਿੰਦਰ ਸਿੰਘ ਓਬਰਾਏ, ਡਾ. ਨੀਲਮ ਅਰੋੜਾ, ਜਸਵਿੰਦਰ ਕੌਰ ਬਿੰਦਰਾ, ਮਨਜੀਤ ਸਿੰਘ ਗਰਚਾ, ਰਵਿੰਦਰ ਰੁਪਾਲ, ਯਾਦਵਿੰਦਰ ਸਿੰਘ, ਨਛੱਤਰ, ਚਰਨਜੀਤ ਰਾਹੀ, ਅਮਨਦੀਪ ਸਿੰਘ, ਤਰਲੋਚਨ ਕੌਰ ਅਤੇ ਮਨੀਸ਼ ਆਨੰਦ ਸਮੇਤ ਵੱਡੀ ਗਿਣਤੀ ਵਿੱਚ ਖੋਜਾਰਥੀ, ਵਿਦਿਆਰਥੀ ਅਤੇ ਪ੍ਰਕਾਸ਼ਨ ਜਗਤ ਦੇ ਨੁਮਾਇੰਦੇ ਹਾਜ਼ਰ ਸਨ।

# ਸ਼ਾਇਰ ਤੇ ਵਾਰਤਕਾਰ ਸੁਖਪਾਲ ਨਾਲ ਰੂ-ਬ-ਰੂ

**ਚੰਡੀਗੜ੍ਹ** : ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਪੰਜਾਬੀ ਦੇ ਪ੍ਰਸਿੱਧ ਕਵੀ ਅਤੇ ਵਾਰਤਕ ਲੇਖਕ ਸੁਖਪਾਲ ਨਾਲ ਵਿਸ ਰੂ-ਬ-ਰੂ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਕੈਨੇਡਾ ਵਿੱਚ ਵਿਰਿਆਨੀ ਵਜੋਂ ਸੇਵਾਵਾਂ ਨਿਭਾ ਰਹੇ ਸੁਖਪਾਲ ਨੇ ਵਿਦਿਆਰਥੀਆਂ, ਖੋਜਾਰਥੀਆਂ ਅਤੇ ਅਧਿਆਪਕਾਂ ਨਾਲ ਆਪਣੇ ਸਾਹਿਤਕ ਸਫ਼ਰ, ਸਿਰਜਣਾਤਮਕ ਅਨੁਭਵਾਂ ਅਤੇ ਸਾਹਿਤਕ ਦ੍ਰਿਸ਼ਟੀ ਬਾਰੇ ਵਿਚਾਰ ਸਾਂਝੇ ਕੀਤੇ।ਪ੍ਰੋਗਰਾਮ ਦੇ ਆਰੰਭ ਵਿੱਚ ਵਿਭਾਗ ਦੀ ਮੁਖੀ ਡਾ. ਪਰਮਜੀਤ ਕੌਰ ਸਿੱਧੂ ਨੇ ਸੁਖਪਾਲ ਦਾ ਸਵਾਗਤ ਕਰਦਿਆਂ ਕਿਹਾ ਗਿਆ ਕਿ ਕਿਸੇ ਸਾਹਿਤਕਾਰ ਨਾਲ ਰੂ-ਬ-ਰੂ ਹੋਣਾ ਕੇਵਲ ਉਸ ਦੀਆਂ ਰਚਨਾਵਾਂ ਬਾਰੇ ਜਾਣਨ ਦਾ ਮੌਕਾ ਨਹੀਂ ਹੁੰਦਾ, ਸਗੋਂ ਉਸ ਦੀ ਸਿਰਜਣਾਤਮਕ ਦ੍ਰਿਸ਼ਟੀ, ਅਨੁਭਵ-ਸੰਸਾਰ ਅਤੇ ਸੰਵੇਦਨਸ਼ੀਲਤਾ ਨੂੰ ਨੇੜਿਓਂ ਸਮਝਣ ਦਾ ਵੀ ਅਵਸਰ ਹੁੰਦਾ ਹੈ। ਉਹਨਾਂ ਸੁਖਪਾਲ ਦੀ ਸਾਹਿਤਕ ਪਛਾਣ ਬਾਰੇ ਗੱਲ ਕਰਦਿਆਂ ਉਨ੍ਹਾਂ ਦੀ ਕਵਿਤਾ ਅਤੇ ਵਾਰਤਕ ਵਿਚਲੇ ਵਿਲੱਖਣ ਅੰਤਰ-ਸੰਬੰਧ ਨੂੰ ਵਿਸ਼ੇਸ਼ ਤੌਰ 'ਤੇ ਰੇਖਾਂਕਿਤ ਕੀਤਾ ਗਿਆ। ਉਹਨਾਂ ਕਿਹਾ ਕਿ ਸੁਖਪਾਲ ਦੀ ਕਵਿਤਾ ਵਿੱਚ ਵਿਚਾਰ ਦੀ ਗਹਿਰਾਈ ਅਤੇ ਵਾਰਤਕ ਵਿੱਚ ਕਾਵਿਕ ਸੰਵੇਦਨਾ ਦਾ ਸੁੰਦਰ ਸੁਮੇਲ ਦਿਖਾਈ ਦਿੰਦਾ ਹੈ। ਪ੍ਰੋ. ਯੋਗਰਾਜ ਅੰਗਰਿਸ਼ ਨੇ ਸੁਖਪਾਲ ਦੀ ਦੀ ਕਵਿਤਾ ਨਾਲ ਜਾਣ-ਪਛਾਣ ਕਰਾਉਂਦਿਆਂ ਕਿਹਾ ਕਿ ਸੁਖਪਾਲ ਦੀ ਕਵਿਤਾ ਸਰਲਤਾ, ਸਹਿਜਤਾ ਅਤੇ ਸੰਵੇਦਨਾ ਨਾਲ ਲਬਰੇਜ਼ ਕਵਿਤਾ ਹੈ ਜੋ ਵਿਸ਼ਵ-ਵਿਆਪੀ ਸਰੋਕਾਰਾਂ ਨਾਲ ਸੰਵਾਦ ਰਚਾਉਂਦੀ ਹੈ। ਉਹਨਾਂ ਕਿਹਾ ਕਿ ਸੁਖਪਾਲ ਦੀ ਲੇਖਣੀ ਸਮਕਾਲੀ ਜੀਵਨ ਦੇ ਗੁੰਝਲਦਾਰ ਯਥਾਰਥ, ਮਨੁੱਖੀ ਸੰਵੇਦਨਾਵਾਂ ਅਤੇ ਵਿਸ਼ਵ-ਵਿਆਪੀ ਸਰੋਕਾਰਾਂ ਨਾਲ ਸੰਵਾਦ ਰਚਾਉਂਦੀ ਹੈ।ਸੁਖਪਾਲ ਨੇ ਆਪਣੀ ਕਾਵਿ ਸਾਧਨਾ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਕਵਿਤਾ ਇਸ ਤਰ੍ਹਾਂ ਦੀ ਹੋਣੀ ਚਾਹੀਦੀ



ਹੈ ਜੋ ਪਾਠਕ ਦੇ ਸਮੇਂ ਦਾ ਮੁੱਲ ਮੋੜ ਸਕੇ। ਉਹਨਾਂ ਕਵਿਤਾ ਵਿੱਚ ਵਿਚਾਰਧਾਰਾ ਨਾਲੋਂ ਵਿਚਾਰ ਨੂੰ ਮਹੱਤਵ ਦਿੰਦਿਆਂ ਕਿਹਾ ਕਿ ਵਿਚਾਰਧਾਰਾ ਮਨੁੱਖ ਦੀ ਸੋਚਣੀ ਨੂੰ ਤੰਗ ਵਲਗਣਾਂ ਵਿੱਚ ਬੰਨਦੀ ਹੈ ਜਦ ਕਿ ਵਿਚਾਰ ਕਵਿਤਾ ਨੂੰ ਵਿਸ਼ਾਲਤਾ ਪ੍ਰਦਾਨ ਕਰਦਾ। ਉਹਨਾਂ ਪ੍ਰਵਾਸੀ ਹੁੰਦਿਆਂ ਵੀ ਹੋਰਵੇ ਦੀ ਕਵਿਤਾ ਨਹੀਂ ਲਿਖੀ ਕਿਉਂਕਿ ਉਹਨਾਂ ਅਨੁਸਾਰ ਪ੍ਰਵਾਸ ਉਹਨਾਂ ਦੀ ਆਪਣੀ ਚੋਣ ਹੈ। ਉਹ ਕਵਿਤਾ ਵਿੱਚ ਅਨੁਭਵ ਨੂੰ ਵਧੇਰੇ ਮਹੱਤਵ ਦਿੰਦੇ ਹਨ।

ਇਸ ਮੌਕੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਨੇ ਸੁਖਪਾਲ ਨਾਲ ਸਾਹਿਤ, ਸਿਰਜਣ-ਪ੍ਰਕਿਰਿਆ ਅਤੇ ਸਮਕਾਲੀ ਸਮਾਜਿਕ ਸਰੋਕਾਰਾਂ ਬਾਰੇ ਸੰਵਾਦ ਰਚਾਇਆ। ਵਿਭਾਗ ਵੱਲੋਂ ਅਜਿਹੇ ਸਾਹਿਤਕ ਸੰਵਾਦਾਂ ਦੇ ਆਯੋਜਨ ਨੂੰ ਵਿਦਿਆਰਥੀਆਂ ਦੀ ਸਾਹਿਤਕ ਸਮਝ ਨੂੰ ਵਿਸ਼ਾਲ ਅਤੇ ਡੂੰਘਾ ਕਰਨ ਦੀ ਇੱਕ ਮਹੱਤਵਪੂਰਨ ਪਹਿਲ ਦੱਸਿਆ ਗਿਆ। ਅੰਤ ਵਿੱਚ ਸੁਖਪਾਲ ਦਾ ਸਮਾਂ ਕੱਢ ਕੇ ਵਿਭਾਗ ਦਾ ਸੱਦਾ ਸਵੀਕਾਰ ਕਰਨ ਲਈ ਧੰਨਵਾਦ ਕੀਤਾ ਗਿਆ।ਇਸ ਮੌਕੇ ਤੇ ਵਿਭਾਗ ਦੇ ਸੀਨੀਅਰ ਪ੍ਰੋ. ਉਮਾ ਸੇਠੀ, ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਸਵਰਨਜੀਤ ਸਵੀ, ਵਿਭਾਗ ਦੇ ਅਧਿਆਪਕ ਗੁਰਚਰਨ ਸਿੰਘ, ਫ਼ਰੈਂਚ ਵਿਭਾਗ ਤੋਂ ਡਾ. ਬਲਜੀਤ ਕੌਰ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਅਤੇ ਖੋਜਾਰਥੀ ਸ਼ਾਮਲ ਹੋਏ।

# ਕਬਰਾਂ ਵਿੱਚ ਉੱਗੇ ਫੁੱਲ ਬਾਰੇ ਚਰਚਾ

**ਚੰਡੀਗੜ੍ਹ** : ਸਾਹਿਤ ਚਿੰਤਨ ਚੰਡੀਗੜ੍ਹ ਦੀ ਇਕੱਤਰਤਾ ਡਾ. ਪਰਮਜੀਤ ਕੌਰ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ।ਇਸ 'ਚ ਡਾ. ਰਾਜਪ੍ਰੀਤ ਕੌਰ ਬੈਨੀਪਾਲ ਦੇ ਢਾਹਾਂ ਪੁਰਸਕਾਰ ਨਾਲ ਸਨਮਾਨਿਤ ਕਹਾਣੀ ਸੰਗ੍ਰਹਿ-'ਕਬਰਾਂ ਵਿਚ ਉੱਗੇ ਫੁੱਲ' ਬਾਰੇ ਸੰਖੇਪ ਚਰਚਾ ਕਰਦਿਆਂ ਡਾ. ਸੰਦੀਪ ਰਾਣਾ ਨੇ ਕਿਹਾ ਕਿ ਰੇਤ ਦੇ ਘਰ ਬਣਾਉਣ ਖੇਡਦੇ ਬੱਚੇ ਜ਼ਿੰਦਗੀ ਦੇ ਸੁਪਨੇ ਲੈਂਦੇ ਹਨ। ਯੁੱਧ ਤੇ ਕੋਰੋਨਾ ਵਰਗੀਆਂ ਮਹਾਂਮਾਰੀਆਂ ਉਨ੍ਹਾਂ ਦੇ ਬਚਪਨ ਖੋਹ ਲੈਂਦੀਆਂ ਹਨ। ਕਹਾਣੀਆਂ ਦਾ ਦਾਇਰਾ ਪਿੰਡ, ਸ਼ਹਿਰ ਤੋਂ ਹੁੰਦੇ ਹੋਏ ਗਾਜ਼ਾ ਪੱਟੀ ਦੇ ਜੰਗੀ ਖੇਤਰ ਤੱਕ ਫੈਲਿਆ ਹੋਇਆ ਹੈ। ਸਾਡੀ ਜੈਨ ਜ਼ੀ ਯੁਵਾ ਸ਼ਕਤੀ ਹਿੰਮਤ ਨਾ ਹਾਰਨ ਦਾ ਪਰਚਮ ਲਹਿਰਾਉਂਦੀ ਹੈ। ਇੱਕੀਵੀਂ ਸਦੀ ਅੰਤ-ਹੀਣ ਮੁਕਾਬਲੇ ਤੇ ਸੰਘਰਸ਼ ਭਰੀ ਹੈ। ਕਹਾਣੀਕਾਰਾ ਸਵੈ ਯੁੱਧ ਤੇ ਸਮਾਜਿਕ ਯੁੱਧ ਤੱਕ ਫ਼ੈਲਦੀ ਹੈ। ਸੁੱਚੀ ਕਿਰਤ ਨਾਲ ਜੁੜੇ ਲੋਕ ਕਹਾਣੀਆਂ ਦੇ ਪਾਤਰ ਹਨ।




ਅਭੈ ਸਿੰਘ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਇਹ ਉੱਚੇ ਕਲਾਤਮਿਕ ਮਿਆਰ ਵਾਲੀਆਂ ਕਹਾਣੀਆਂ ਹਨ। ਜਸਵੰਤ ਸਿੰਘ ਨੇ ਕਿਹਾ ਕਿ ਇਹ ਕਹਾਣੀ ਸੰਗ੍ਰਹਿ ਔਰਤ ਮਰਦ ਦੇ ਸੰਬੰਧਾਂ ਦੇ ਮਸਾਲੇ ਤੋਂ ਮੁਕਤ ਹੈ।ਪਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਇਹ ਪ੍ਰਚੱਲਤ ਮੋਡ ਤੋਂ ਵੱਖਰੀਆਂ ਕਹਾਣੀਆਂ ਹਨ। ਡਾ. ਸਤਪਾਲ ਸਹਿਗਲ ਨੇ ਕਿਹਾ ਕਿ ਇਹ ਕਹਾਣੀਆਂ ਕਲਪਨਾ ਸ਼ਕਤੀ ਨੂੰ ਮਜ਼ਬੂਤ ਕਰਦੀਆਂ ਹਨ। ਕਲਪਨਾ ਨਾਲ ਵੀ ਸਮਾਜ ਬਦਲਦਾ ਹੈ।ਡਾ. ਲਖਵਿੰਦਰ ਕੌਰ ਵਿਰਕ ਨੇ ਕਿਹਾ ਕਿ ਯੁੱਧ ਵਿੱਚ ਸਭ ਤੋਂ ਵੱਧ ਦੁੱਖ ਔਰਤਾਂ ਅਤੇ ਬੱਚਿਆਂ ਨੂੰ ਭੋਗਣਾ ਪੈਂਦਾ ਹੈ। ਉਨ੍ਹਾਂ ਦੇ ਸੁਪਨੇ ਗੁਆਚ ਜਾਂਦੇ ਹਨ। ਕਹਾਣੀਆਂ ਨਵੇਂ ਸਵਾਲ'ਤੇ ਚਰਚਾ ਛੇੜਦੀਆਂ ਹਨ।ਡਾ. ਰਾਜਪ੍ਰੀਤ ਕੌਰ ਬੈਨੀਪਾਲ ਨੇ ਸਰੋਤਿਆਂ ਦੇ ਸਨਮੁੱਖ ਹੁੰਦਿਆਂ ਕਿਹਾ ਕਿ ਜਿਨ੍ਹਾਂ ਧੀਆਂ ਦੇ ਬਾਪ ਯੁੱਧਾਂ ਵਿੱਚ ਚਲੇ ਜਾਂਦੇ ਹਨ, ਉਨ੍ਹਾਂ ਦਾ ਸੰਸਾਰ ਉੱਜੜ ਜਾਂਦਾ ਹੈ। ਉਨ੍ਹਾਂ ਦੇ ਸੁਪਨੇ ਜਿਬਾਹ ਹੋ ਜਾਂਦੇ ਹਨ। ਮੈਂ ਕਿਤਾਬ ਨੂੰ ਦੁਨੀਆ ਭਰ ਦੇ ਬੱਚਿਆਂ ਦੀ ਮਸੂਮੀਅਤ ਨੂੰ ਸਮਰਪਣ ਕੀਤਾ ਹੈ। ਡਾ. ਪਰਮਜੀਤ ਕੌਰ ਸਿੱਧੂ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਜੰਗ ਤੇ ਕਾਰਪੋਰੇਟੀ ਮੁਨਾਫ਼ਾ ਮਨੁੱਖੀ ਜ਼ਿੰਦਗੀ ਤੋਂ ਵੱਡਾ ਹੋ ਗਿਆ ਹੈ।ਸਮਾਗਮ 'ਚ ਪ੍ਰੋ. ਓ.ਪੀ. ਵਰਮਾ, ਸਗਲਪ੍ਰੀਤ ਕੌਰ, ਸੀਮਾ ਸ਼ਰਮਾ, ਬਲਬੀਰ ਸਿੰਘ ਸੈਣੀ, ਅਸ਼ੋਕ ਕੁਮਾਰ ਬੱਤਰਾ, ਤੇਜਾ ਸਿੰਘ ਬੂਹਾ, ਮੋਹਨ ਲਾਲ ਰਾਹੀ, ਇੰਦਰਜੀਤ ਸਿੰਘ, ਹਰਸਿਮਰਨ ਕੌਰ, ਦਿਲਬਾਗ ਸਿੰਘ ਦਾਊਂ, ਜੋਗਿੰਦਰ ਸਿੰਘ, ਜੁਗਲ ਕਿਸ਼ੋਰ ਤੇ ਸ਼ਿਵਾ ਸਮੇਤ 30 ਦੇ ਕਰੀਬ ਸਾਹਿਤ ਚਿੰਤਕਾਂ ਨੇ ਭਾਗ ਲਿਆ।

# ਮਾਲਵਾ ਸਾਹਿਤ ਸਭਾ ਵੱਲੋਂ ਪੰਜ ਪੁਸਤਕਾਂ ਲੋਕ ਅਰਪਣ

**ਬਰਨਾਲਾ**-ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਜਗਰਾਜ ਧੌਲਾ ਅਤੇ ਤਰਸੇਮ ਚੰਦ ਕਲਹਿਰੀ ਦੀ ਪੁਸਤਕ ਪੰਜਾਬ ਦੇ ਲੋਕ ਨਾਚਾਂ ਦਾ ਸਫ਼ਰ, ਕੈਪਟਨ ਦਰਬਾਰਾ ਸਿੰਘ ਪੱਖੋਕੇ ਦੀ ਪੁਸਤਕ ਮੁੱਢ ਸਿੱਧੂ ਬਰਾੜਾਂ ਦਾ, ਡਾ. ਰਵੀ ਸ਼ੇਰਗਿੱਲ ਦੁਆਰਾ ਸੰਪਾਦਤ ਪੁਸਤਕਾਂ ਅਸੀਂ ਅਤੇ ਸਾਡੇ ਸੁਪਨੇ ਤੇ ਪਿੰਡ ਵਾਲਾ ਘਰ, ਕਮਲਜੀਤ ਕੌਰ ਗੁੰਮਟੀ ਦੀ ਵਾਰਤਕ ਪੁਸਤਕ ਲਫਜ਼ ਜ਼ਿੰਦਗੀ ਦੇ ਦਾ ਲੋਕ ਅਰਪਣ ਕੀਤਾ ਗਿਆ। ਇਨ੍ਹਾਂ ਪੁਸਤਕਾਂ ਬਾਰੇ ਜਗਰਾਜ ਧੌਲਾ, ਹਰਭਜਨ ਸਿੰਘ ਸੇਲਬਰਾਹ, ਤੇਜਾ ਸਿੰਘ ਤਿਲਕ, ਬੂਟਾ ਸਿੰਘ ਚੌਹਾਨ ਨੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਹਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਫੁੱਲ, ਦਰਸ਼ਨ ਸਿੰਘ ਗੁਰੂ, ਜਗਤਾਰ ਜਜ਼ੀਰਾ, ਭੋਲਾ ਸਿੰਘ ਸੰਘੇੜਾ, ਡਾ. ਅਮਨਦੀਪ ਸਿੰਘ ਟੱਲੇਵਾਲੀਆ, ਡਾ. ਰਾਮਪਾਲ ਸਿੰਘ ਸ਼ਾਹਪੁਰੀ ਅਤੇ ਪਰਮਜੀਤ ਕੌਰ ਜੋਧਪੁਰ ਨੇ ਵੀ ਪੁਸਤਕਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਹੋਏ ਕਵੀ ਦਰਬਾਰ ਵਿੱਚ ਡਾ. ਉਜਾਗਰ ਸਿੰਘ ਮਾਨ, ਜੰਗ ਸਿੰਘ ਫੱਟੜ, ਮੇਜਰ



ਸਿੰਘ ਗਿੱਲ ਸਹੌਰ, ਜਗਤਾਰ ਸਿੰਘ ਬੈਂਸ, ਹਰਜੀਤ ਕਾਤਿਲ, ਪ੍ਰੋਫੈਸਰ ਰਮਨ ਧਾਲੀਵਾਲ, ਜਸਵਿੰਦਰ ਕੌਰ ਘਨੌਰੀ, ਰਜਨੀਸ਼ ਕੌਰ ਬਬਲੀ, ਰਾਜਿੰਦਰ ਸ਼ੌਕੀ, ਸੁਰਜੀਤ ਸਿੰਘ ਦੇਹੜ, ਸੁਖਵਿੰਦਰ ਸਿੰਘ ਸਨੇਹ, ਗਗਨਦੀਪ ਸਿੰਘ ਕਾਂਗੜ, ਮੇਘ ਰਾਜ ਜੋਸ਼ੀ, ਸਰੂਪ ਚੰਦ ਹਰੀਗੜ੍ਹ, ਸਤਨਾਮ ਸਿੰਘ ਬਰਨਾਲਾ, ਦਵਿੰਦਰ ਸਿੰਘ ਸੰਘੇੜਾ, ਅਮਰਿੰਦਰ ਸਿੰਘ ਸੋਹਲ, ਰਾਮ ਸਿੰਘ ਬੀਹਲਾ, ਰਾਮ ਸਿੰਘ ਹਠੂਰ, ਗੁਰਤੇਜ ਸਿੰਘ ਹਠੂਰ, ਸਿੰਦਰ ਧੌਲਾ, ਅਮਰਿੰਦਰ ਸਿੰਘ ਮੰਡੇਰ, ਰਘਵੀਰ ਸਿੰਘ ਗਿੱਲ ਕੱਟੂ, ਗੁਰਮੇਲ ਸਿੰਘ ਪਰਦੇਸੀ, ਬਲਵੀਰ ਸਿੰਘ ਮੰਡੇਰ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ।

# ਗਿਆਨਦੀਪ ਮੰਚ ਨੇ ਪੰਜਾਬੀ ਮਾਹ ਨੂੰ ਸਮਰਪਿਤ ਸਾਹਿਤਕ ਸਮਾਗਮ ਕਰਵਾਇਆ

**ਪਟਿਆਲਾ** : ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਸੈਮੀਨਾਰ ਹਾਲ ਵਿੱਚ ਪੰਜਾਬੀ ਮਾਹ-ਨਵੰਬਰ 2026 ਨੂੰ ਸਮਰਪਿਤ ਇੱਕ ਸਾਹਿਤਕ ਸਮਾਗਮ ਅਤੇ ਕਵੀ ਦਰਬਾਰ ਕਰਵਾਇਆ ਗਿਆ।ਸਮਾਗਮ ਦੀ ਪ੍ਰਧਾਨਗੀ ਡਾ. ਜੀ ਐੱਸ ਆਨੰਦ ਨੇ ਕੀਤੀ। ਧਰਮ ਸਿੰਘ ਕੰਮੇਆਣਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਜਨਰਲ ਸਕੱਤਰ ਗੁਰਚਰਨ ਚੰਨ ਨੇ ਮੰਚ ਬਾਰੇ ਜਾਣਕਾਰੀ ਦਿੱਤੀ। ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ. ਜੀ ਐੱਸ ਆਨੰਦ ਨੇ ਕਿਹਾ ਕਿ ਪੰਜਾਬੀ ਅਤੇ ਪੰਜਾਬੀਅਤ ਲੋਕਾਂ ਦੇ ਦਿਲ ਵਿੱਚ ਵਸੀ ਹੋਈ ਹੈ। ਡਾ. ਅਰਵਿੰਦਰ ਕੌਰ ਕਾਕੜਾ ਦੀ ਪੁਸਤਕ ਜਦੋਂ ਲੋਕ ਇਤਿਹਾਸ ਰਚਦੇ ਹਨ, ਦਿੱਲੀ ਮੋਰਚੇ ਦੀ ਰੂਹ ਕਥਾ ਵੀ ਲੋਕ ਅਰਪਣ ਕੀਤੀ ਗਈ। ਬਚਨ ਸਿੰਘ ਗੁਰਮ, ਕੁਲਵੰਤ ਸਿੰਘ ਸੈਦੋਕੇ, ਦਰਸ਼ਨ ਸਿੰਘ ਦਰਸ਼ ਪਸਿਆਣਾ, ਜਸਵਿੰਦਰ ਸਿੰਘ ਖਾਰਾ, ਡਾ.




ਲਕਸ਼ਮੀ ਨਰਾਇਣ ਭੀਖੀ, ਗੁਰਦਰਸ਼ਨ ਸਿੰਘ ਗੁਸੀਲ, ਜਸਵਿੰਦਰ ਕੌਰ, ਸੁਖਵਿੰਦਰ ਕੌਰ, ਕੁਲਦੀਪ ਕੌਰ ਧੰਜੂ, ਅਵਤਾਰਜੀਤ, ਇੰਦਰਪਾਲ ਸਿੰਘ, ਤ੍ਰਿਲੋਕ ਢਿੱਲੋਂ, ਬਲਵਿੰਦਰ ਭੱਟ

# ਸਿੰਮੀ ਕਲਸੀ ਦੀਆਂ ਮਿੰਨੀ ਕਹਾਣੀਆਂ



## ਫ਼ਰਕ

ਵੇ ਬਿੰਦਰ, 'ਪਤਾ ਨ੍ਹੀ ਕਿਧਰ ਨਿਕਲ ਜਾਂਦੇ ਆ, ਇਹਨਾਂ ਨੂੰ ਆਂਏ ਨੀ ਦੀਂਹਦਾ ਬੀ ਪਸ਼ੂ ਧੁੱਪੇ ਖੜੇ ਆ।' ਵੇ ਬਿੰਦਰ....।ਕੋਠੀ 'ਚੋਂ ਬਾਹਰ ਆਉਂਦੀ ਸਰਦਾਰਨੀ ਜੋਗਿੰਦਰ ਕੁਰ ਕੜਕਦੀ ਆਉਂਦੀ ਸੀ।ਏਨੇ ਨੂੰ ਬਿੰਦਰ ਵੀ ਸਾਹੋ-ਸਾਹੀ ਹੋਇਆ ਸਰਦਾਰਨੀ ਦੇ ਮੂਹਰੇ ਆ ਖੜ੍ਹਿਆ। ਹੱਥ ਵਿਚਲੀ ਖੁੰਡੀ ਕੱਸ ਕੇ ਫੜਦੀ ਹੋਈ ਬੀਬੀ ਬਿੰਦਰ 'ਤੇ ਵਰ ? ਪਈ। ਤੇ ਕਹਿਣ ਲੱਗੀ, 'ਜਾਹ, ਜਾ ਕੇ ਪਸ਼ੂ ਛਾਵੇਂ ਕਰ ਤੇ ਨਾਲੇ ਸੱਜਰ ਸੂਈ ਝੋਟੀ ਤੇ ਕੱਟੀ ਨੂੰ ਗੁਜ਼ ਚਾਰ।' ਦਰਵਾਜ਼ੇ 'ਚ ਰੱਖੀ ਕੁਰਸੀ 'ਤੇ ਬੈਠਦੀ ਹੋਈ ਬੋਲੀ। ਏਨੇ ਨੂੰ ਪੋਤੀ ਸੁਖਮਨ (6 ਕੁ ਸਾਲ) ਖੇਡਦੀ ਹੋਈ ਆ ਗਈ ਤੇ ਬੀਬੀ ਦੀ ਝੋਲੀ 'ਚ ਵੜ ਗਈ। ਸਰਦਾਰਨੀ ਜੋਗਿੰਦਰ ਕੌਰ ਆਪ ਕੁਝ ਸੋਚਾਂ 'ਚ ਡੁੱਬ ਗਈ। 'ਮੱਥਾ ਟੇਕਦੀ ਆਂ, ਬੇਬੇ ਜੀ।' ਮੁਖਤਿਆਰੋ ਬੁੜੀ ਲੰਘਦੀ ਹੋਈ ਬੀਬੀ ਕੋਲ ਰੁਕ ਗਈ। ਮੁਖਤਿਆਰੋ ਦੇ ਬੋਲਣ ਨਾਲ ਬੀਬੀ ਦੀ ਸੋਚਾਂ ਦੀ ਲੜੀ ਟੁੱਟ ਗਈ। ਬੀਬੀ ਨੇ ਅਸੀਸਾਂ ਦਿੰਦੇ ਹੋਏ ਕਿਹਾ, 'ਬਹਿ ਜਾ, ਮੁਖਤਿਆਰੋ।ਹੋਰ ਸਭ ਸੁੱਖ ਸਾਂਦ ਆ।' ਮੁਖਤਿਆਰੋ ਕਹਿੰਦੀ, 'ਸਭ ਠੀਕ ਆ, ਬੇਬੇ ਜੀ। ਤੁਸੀਂ ਦੱਸੋ, ਕਿਵੇਂ ਆ, ਨੂੰਹ ਰਾਣੀ ਤੇ ਨਿੱਕੀ ਪੋਤੀ। ਕਿੱਡਾ ਕਹਿਰ ਕਮਾਇਆ ਰੱਬ ਨੇ, ਇੱਕ ਜਵਾਕ ਦੇ ਦਿੰਦਾ। ਘਰ ਦੀ ਵੇਲ ਵਧ ਜਾਂਦੀ।' ਤੇ ਹਾਂ ਸੱਚ, ਵਧਾਈਆਂ ਬੇਬੇ ਜੀ, ਝੋਟੀ ਸੂਈ ਆ ਥੋਡੀ।ਨਾਲੇ ਮਗਰ ਕੱਟੀ ਆ।ਚੱਲ ਰਵਾ ਵਧ ਗਿਆ। ਇਕੋ ਸਾਹ ਉਹ ਕਿੰਨਾ ਕੁਝ ਕਹਿ ਗਈ। ਬੇਬੇ ਜੋਗਿੰਦਰ ਕੌਰ ਬੋਲੀ, ਮਾਰਾਜ ਸਭ ਨੂੰ ਵਧਾਵੇ। ਸੁਖਮਨ ਸਭ ਸੁਣਦੀ ਸੀ। ਝੋਲੀ 'ਚੋਂ ਨਿਕਲ ਕੇ ਆਵਦੀ ਮੰਮੀ ਕੋਲ ਚਲੀ ਗਈ। ਸੁਖਮਨ ਦੀ ਮੰਮੀ ਆਵਦੀ ਨਿੱਕੀ ਧੀ ਨਾਲ ਅੱਖਾਂ ਬੰਦ ਕਰ ਪਈ ਸੀ। ਸੁਖਮਨ ਆ ਕੇ ਆਵਦੀ ਨਿੱਕੀ ਭੈਣ ਮਨਰਾਜ ਨੂੰ ਪਿਆਰ ਕਰਨ ਲੱਗੀ।ਸੁਖਮਨ ਦੀ ਮੰਮੀ ਰਾਜਵੀਰ ਸਭ ਦੇਖ ਰਹੀ ਸੀ। ਅਚਾਨਕ ਸੁਖਮਨ ਬੋਲੀ, 'ਮੰਮੀ, ਜਵਾਕ ਕੌਣ ਹੁੰਦਾ ?' ਰਾਜਵੀਰ ਬੋਲੀ, ਜਿਵੇਂ ਤੂੰ ਤੇ ਮਨਰਾਜ।'ਅੱਛਾ', ਕੁਝ ਸੋਚ ਕੇ ਜੇ ਫੇਰ ਸੁਖਮਨ ਬੋਲੀ, 'ਤੇ ਮੰਮੀ, ਕੱਟੀ ਮੱਝ ਦੀ ਕੀ ਲੱਗੀ ?' ਰਾਜਵੀਰ ਕਹਿੰਦੀ, ਜਿਵੇਂ ਤੂੰ ਤੇ ਮਨਰਾਜ ਮੇਰੀਆਂ ਧੀਆਂ ਓ, ਓਵੇਂ ਕੱਟੀ ਮੱਝ ਦੀ ਧੀ ਆ।' ਤੇ ਫੇਰ ਤਾਈ ਮੁਖਤਿਆਰੋ ਨੇ ਕੱਟੀ ਦੀਆਂ ਤਾਂ ਵਧਾਈਆਂ ਦਿੱਤੀਆਂ, ਤੇ ਨਾਲੇ ਕਹਿੰਦੀ, ਰੱਬ ਕੋਈ ਜਵਾਕ ਦੇ ਦਿੰਦਾ। ਕੀ ਮਨਰਾਜ ਜਵਾਕ ਨੀ ? ਜੇ ਕੱਟੀ ਮੱਝ ਦੀ ਧੀ ਆ ਤੇ ਮੈਂ ਤੇ ਮਨਰਾਜ ਥੋਡੀਆਂ ਧੀਆਂ ਹਾਂ ਤਾਂ ਤਾਈ ਨੇ ਮਨਰਾਜ ਦੀ ਵਧਾਈ ਕਿਉਂ ਨਹੀਂ ਦਿੱਤੀ ? ਥੋੜ੍ਹਾ ਗੁੱਸੇ ਜੇ 'ਚ ਹੱਥ ਢਾਕਾਂ 'ਤੇ ਰੱਖ ਕੇ ਬੋਲੀ।

ਰਾਜਵੀਰ ਸੁਖਮਨ ਦੇ ਸਵਾਲਾਂ ਦਾ ਕੀ ਜਵਾਬ ਦਿੰਦੀ। ਉਹ ਬਿਟਰ-ਬਿਟਰ ਸੁਖਮਨ ਦੇ ਮੂੰਹ ਵੱਲ ਤੱਕਦੀ ਰਹੀ। ਅੱਖਾਂ ਭਰਦੀ ਬੋਲੀ, 'ਧੀਏ ਏਹ ਫਰਕ ਤਾਂ ਮੈਨੂੰ ਅੱਜ ਤੱਕ ਨੀ ਸਮਝ ਆਇਆ, ਤੈਨੂੰ ਕਿਵੇਂ ਸਮਝਾਵਾਂ ?' ਸੁਖਮਨ ਜਵਾਬ ਲਏ ਬਿਨਾਂ ਹੀ ਬਾਹਰ ਭੱਜ ਗਈ ਤੇ ਰਾਜਵੀਰ ਭਰੀਆਂ ਅੱਖਾਂ ਨਾਲ ਦੋਵਾਂ 'ਚ ਫਰਕ ਲੱਭਣ ਲੱਗ ਗਈ।

## ਸਕਰਟ ਸੂਟ

ਲੈ ਪੁੱਤ, ਹੋਰ ਲਓ, ਬਰਫੀ ਵਾਲੀ ਪਲੇਟ ਆਪਣੇ ਜਵਾਈ ਅੱਗੇ ਕਰਦੀ ਬੇਬੇ ਨੇ ਕਿਹਾ। ਜਵਾਈ ਜੋ ਕੋਈ ਦਿਨ ਪਹਿਲਾਂ ਹੀ ਬਾਹਰੋਂ (ਸਿੰਗਾਪੁਰ ਤੋਂ) ਆਇਆ ਸੀ। ਸਾਰੇ ਘਰ ਵਿੱਚ ਚਹਿਲ-ਪਹਿਲ ਸੀ ।ਬੇਬੇ ਨੇ ਉਚੇਚੇ ਤੌਰ 'ਤੇ ਕਈ ਤਰ੍ਹਾਂ ਦੇ ਖਾਣੇ ਦਾਣੇ ਬਣਾਏ ਸੀ। ਰਾਤ ਦੀ ਰੋਟੀ ਤੋਂ ਪਹਿਲਾਂ ਜਵਾਈ ਦੀ ਦਾਰੂ ਮੁਰਗੇ ਨਾਲ ਸਾਲਿਆਂ ਵੱਲੋਂ ਬੜੀ ਸੇਵਾ ਕੀਤੀ ਗਈ।

ਜਵਾਕ ਚੁੱਪ ਕਰਕੇ ਰਸੋਈ ਦੇ ਬਾਹਰ ਖੜੇ ਦੇਖਦੇ ਰਹੇ ਕਿ ਫੁੱਫੜ ਕਦੋਂ ਰੋਟੀ ਖਾਊ ਤੇ ਕਦੋਂ ਉਹਨਾਂ ਦੀ ਵਾਰੀ ਆਊ, ਕਿਉਂਕਿ ਬੇਬੇ ਦੀ ਸਖ਼ਤ ਤਾਕੀਦ ਸੀ ਕਿ ਕੋਈ ਵੀ ਪਹਿਲਾਂ ਕਿਸੇ ਚੀਜ਼ ਨੂੰ ਹੱਥ ਨਹੀਂ ਲਾਊ ਜਿੰਨਾ ਚਿਰ ਥੋਡਾ ਫੁੱਫੜ ਰੋਟੀ ਨਹੀਂ ਖਾਂਦਾ।

ਪਾਲੀ ਤੀਜੀ ਜਮਾਤ ਵਿੱਚ ਪੜ੍ਹਦੀ ਸੀ ਤੇ ਉਸ ਦੇ ਦੋ ਛੋਟੇ ਭਰਾ ਸਨ। ਇੱਕ ਭਰਾ ਤਾਂ ਉਸ ਦੇ ਨਾਲ ਸਕੂਲ ਜਾਂਦਾ ਸੀ, ਪਰ ਦੂਜਾ ਅਜੇ ਛੋਟਾ ਸੀ। ਉਸ ਨੂੰ ਸਕੂਲ ਨਹੀਂ ਲਾਇਆ ਗਿਆ ਸੀ ।ਬੇਬੇ ਦੇ ਸਖਤ ਸੁਭਾਅ ਤੋਂ ਸਭ ਤੋਂ ਵੱਧ ਡਰ ਪਾਲੀ ਨੂੰ ਲੱਗਦਾ ਸੀ, ਕਿਉਂਕਿ ਮਾਂ ਦੇ ਘਰੋਂ ਕਿਤੇ ਜਾਣ ਬਾਅਦ ਬੇਬੇ ਉਸ ਤੋਂ ਬਹੁਤ ਕੰਮ ਕਰਾਉਂਦੀ ਸੀ ਤੇ ਬਾਅਦ ਵਿੱਚ ਉਸ ਦੀ ਮਾਂ ਨੂੰ ਵੀ ਮੰਦਾ-ਚੰਗਾ ਬੋਲਦੀ ਰਹਿੰਦੀ ਸੀ। ਰਾਤ ਦੀ ਰੋਟੀ ਬਾਅਦ ਵਿਹਲੇ ਹੋ ਕੇ ਬੇਬੇ ਨੇ ਆਪਣੇ ਜਵਾਈ ਲਈ ਨਵੇਂ ਨਕੋਰ ਬਿਸਤਰੇ ਕੱਢ ਕੇ ਵਿਛਾਏ। ਸਾਰੇ ਆਲੇ-ਦੁਆਲੇ ਬੈਠੇ ਸਨ। ਫੁੱਫੜ ਜੀ ਨੇ ਸਾਰਿਆਂ ਨੂੰ ਬਾਹਰੋਂ ਕੁਝ ਨਾ ਕੁਝ ਲਿਆ ਕੇ ਦਿੱਤਾ ਸੀ ।ਭੂਆ ਤੇ ਫੁੱਫੜ ਇਹ ਸਮਾਨ ਸਾਰਿਆਂ ਨੂੰ ਵੰਡ ਰਹੇ ਸੀ। ਪਾਲੀ ਲਈ ਵੀ ਉਹ ਸਿੰਘਾਪੁਰ ਤੋਂ ਇੱਕ ਸਕਰਟ ਸੂਟ ਲੈ ਕੇ ਆਏ ਸੀ ।ਭੂਆ ਫੁੱਫੜ ਜੀ ਨੇ ਬੜੇ ਪਿਆਰ ਨਾਲ ਪਾਲੀ ਨੂੰ ਕੋਲ ਬੁਲਾਇਆ, ਪਰ ਪਾਲੀ ਬੇਬੇ ਵੱਲ ਝਾਕਦੇ-ਝਾਕਦੇ ਫੁੱਫੜ ਕੋਲ ਗਈ। ਉੱਝ ਭੂਆ ਫੁੱਫੜ ਬਹੁਤ ਪਿਆਰ ਕਰਦੇ ਸਨ ਪਾਲੀ ਨੂੰ। ਭੂਆ ਅਤੇ ਫੁੱਫੜ ਨੇ ਪਾਲੀ ਦੇ ਹੱਥ ਵਿੱਚ ਸਕਰਟ ਸੂਟ ਫੜਾ ਦਿੱਤਾ। ਸਕਰਟ ਸੂਟ ਸੱਚੀਓਂ ਹੀ ਬਾਹਲਾ ਸੋਹਣਾ ਸੀ, ਪਰ ਘਰ ਵਿੱਚ ਪਾਲੀ ਨੂੰ ਇਸ ਤਰ੍ਹਾਂ ਦੇ ਕੱਪੜੇ ਪਾਉਣ ਦੀ ਮਨਾਹੀ ਸੀ। ਪਾਲੀ ਸੂਟ ਲੈ ਕੇ ਅੰਦਰ ਲਿਜਾ ਕੇ ਮੰਮੀ ਦੇ ਪੇਟੀ ਦੇ ਰਖਣੇ ਵਿੱਚ ਰੱਖ ਆਈ। ਚਾਅ ਵਿੱਚ ਪਾਲੀ ਨੂੰ ਨੀਂਦ ਹੀ ਨਾ ਆਵੇ, ਕਿਉਂਕਿ ਉਸ ਨੂੰ ਲੱਗ ਰਿਹਾ ਸੀ, ਜਿਵੇਂ ਇਹ ਸੂਟ ਤਾਂ ਸਿਰਫ ਟੀਵੀ ਵਿੱਚ ਹੀ ਬੱਚਿਆਂ ਦੇ ਪਾਏ ਹੁੰਦੇ ਆ, ਪਰ ਅੱਜ ਉਸ ਦੇ ਆਪਣੇ ਕੋਲ ਵੀ ਸੀ। ਉਸ ਨੂੰ ਬੜਾ ਚਾਅ ਸੀ ਫਰਾਕਾਂ ਦਾ, ਸਕਰਟਾਂ ਦਾ, ਪੈਂਟਾਂ-ਸ਼ਰਟਾਂ ਦਾ, ਪਰ ਉਸ ਦੇ ਘਰ ਦੇ ਵਿੱਚ ਹੀ ਸਿਉਂਤੇ ਕੱਪੜੇ ਪਾਏ ਜਾਂਦੇ ਸੀ। ਬੜੀ ਖੁਸ਼ ਸੀ ਪਾਲੀ ਇਹ ਸੂਟ ਲੈ ਕੇ ।ਦੋ ਕੁ ਦਿਨ ਬਾਅਦ ਭੂਆ ਤੇ ਫੁੱਫੜ ਚਲੇ ਗਏ।ਅਗਲੇ ਦਿਨ ਬੇਬੇ ਨੇ ਪਾਲੀ ਨੂੰ ਆਵਾਜ਼ ਦੇ ਕੇ ਕਿਹਾ, 'ਕੁੜੇ... ਪਾਲੀ, ਲਿਆ ਉਹ ਘੱਗਰੀ ਜੀ, ਜਿਹੜਾ ਤੇਰਾ ਫੁੱਫੜ ਲੈ ਕੇ ਆਇਆ।' ਪਾਲੀ ਡਰਦੀ ਡਰਦੀ ਉਹ ਸਕਰਟ ਸੂਟ ਲੈ ਆਈ। ਬੇਬੇ ਨੇ ਝਪੱਟਾ ਮਾਰ ਕੇ ਪਾਲੀ ਦੇ ਹੱਥੋਂ ਸੂਟ ਖੋਹ ਲਿਆ ਤੇ ਪਾਲੀ ਦਾ ਕੰਨ ਪਟਦਿਆਂ ਕਹਿਣ ਲੱਗੀ, ਖਬਰਦਾਰ! ਜੇ ਪਾਇਆ ਤਾਂ। ਲੈ ਫੜਾ ਇਹਨੂੰ, ਮੈਂ ਆਪੇ ਕਿਸੇ ਹੋਰ ਨੂੰ ਦੇ ਦੂ। ਤੇਰੇ ਫੁੱਫੜ ਨੂੰ ਕੀ ਪਤਾ ਕਿ ਕੀ ਲਿਆਉਣਾ ? ਉਹ ਤਾਂ ਵਿਚਾਰਾ ਲੈ ਆਇਆ । ਪਾਲੀ ਦਾ ਗੱਚ ਭਰ ਆਇਆ। ਸਕਰਟ ਸੂਟ ਦਾ ਸੁਪਨਾ ਬੇਬੇ ਦੇ ਹੱਥਾਂ ਵਿੱਚ ਕੁਚਲਦਾ ਹੋਇਆ ਅੰਦਰਲੀ ਸਬਾਤ ਵੱਲ ਤੁਰ ਪਿਆ। ਆਪਣੀਆਂ ਅੱਖਾਂ ਵਿੱਚ ਹੰਝੂ ਲੈ ਕੇ ਪਾਲੀ ਅੰਦਰ ਭੱਜ ਗਈ ਤੇ ਆਪਣੀ ਬੇਵੱਸ ਮਾਂ ਦੇ ਗਲ ਲੱਗ ਕੇ ਰੋਣ ਲੱਗ ਗਈ। ਮਾਂ ਦੀਆਂ ਅੱਖਾਂ ਵੀ ਧੀ ਦੇ ਨਾਲ ਹੀ ਭਰ ਆਈਆਂ, ਕਿਉਂਕਿ ਮਾਂ ਆਪਣੀ ਧੀ ਦੇ ਸੁਪਨੇ ਨੂੰ ਅੱਜ ਹੀ ਨਹੀਂ ਪਤਾ ਨਹੀਂ ਕਿੰਨੇ ਕੁ ਵਾਰੀ ਕਤਲ ਹੁੰਦੇ ਦੇਖਿਆ ਸੀ । ਤੇ ਟੀ.ਵੀ ਵਾਲਿਆਂ ਵਰਗੇ ਸਕਰਟ ਸੂਟ ਦਾ ਸੁਪਨਾ ਪਾਲੀ ਦੀਆਂ ਰੋਂਦੀਆਂ ਅੱਖਾਂ ਵਿੱਚੋਂ ਹੰਝੂ ਬਣ ਕੇ ਵਹਿੰਦਾ ਹੋਇਆ ਪਤਾ ਨਹੀਂ ਕਦੋਂ ਨੀਂਦ ਦੇ ਅਗੋਸ਼ ਵਿੱਚ ਚਲਾ ਗਿਆ।

## ਬਸਤਾ ਬੋਲ ਪਿਆ

ਛੁੱਟੀਆਂ ਹੋਈਆਂ ਨੂੰ ਘੱਟੋ-ਘੱਟ 10 ਦਿਨ ਲੰਘ ਚੁੱਕੇ ਸੀ। ਸਾਹਿਲ ਨੇ ਬਸਤੇ ਨੂੰ ਜਿੱਥੇ ਰੱਖਿਆ ਸੀ, ਉਥੇ ਹੀ ਪਿਆ ਸੀ, ਹੱਥ ਤੱਕ ਨਹੀਂ ਲਾਇਆ ਸੀ ।ਸਾਹਿਲ ਦੇ ਮੰਮੀ ਪਾਪਾ ਸਵੇਰੇ ਹੀ ਕੰਮ 'ਤੇ ਚਲੇ ਜਾਂਦੇ ਤੇ ਬਾਅਦ ਵਿੱਚ ਸਾਹਿਲ ਸਾਰਾ ਦਿਨ ਗਲੀਆਂ ਵਿੱਚ ਫਿਰਦਾ ਰਹਿੰਦਾ, ਪਤੰਗ ਉਡਾਉਂਦਾ ਰਹਿੰਦਾ ਤੇ ਘਰੇ ਆ ਕੇ ਟੀ.ਵੀ ਦੇਖਣ ਲੱਗ ਜਾਂਦਾ। ਪਰ ਸਕੂਲ ਵਿੱਚ ਮਿਲੇ ਕੰਮ ਨੂੰ ਉਸ ਨੇ ਹੱਥ ਨਹੀਂ ਸੀ ਲਾਇਆ। ਸਾਹਿਲ ਦੇ ਮੰਮੀ ਸ਼ਾਮ ਨੂੰ ਆ ਕੇ ਵੀ ਪੁੱਛਦੇ, ਪਰ ਸਾਹਿਲ ਕਹਿ ਦਿੰਦਾ, ਕੋਈ ਗੱਲ ਨਹੀਂ ਮੰਮੀ, ਕਰ ਲਊਂਗਾ ਕੰਮ, ਹਜੇ ਛੁੱਟੀਆਂ ਪਈਆਂ ਨੇ। ਸਾਹਿਲ ਦੇ ਮੰਮੀ ਭਾਵੇਂ ਦਿਹਾੜੀਆਂ ਹੀ ਕਰਦੇ ਸੀ, ਪਰ ਇੱਕ ਸਮਝਦਾਰ ਔਰਤ ਵੀ ਸੀ। ਦਸ ਪੜ੍ਹੀ ਸੀ। ਘਰ ਦੀ ਗਰੀਬੀ ਕਾਰਨ ਉਸ ਦਾ ਵਿਆਹ ਜਲਦੀ ਕਰ ਦਿੱਤਾ ਸੀ, ਪਰ ਉਹ ਆਪਣੇ ਬੱਚੇ ਨੂੰ ਪੜ੍ਹਾਉਣਾ ਚਾਹੁੰਦੀ ਸੀ। ਉਹ ਸਾਹਿਲ ਦੀ ਲਾਪਰਵਾਹੀ ਨੂੰ ਦੇਖ ਕੇ ਬੜੀ ਚਿੰਤਤ ਰਹਿੰਦੀ ਸੀ ।ਰਾਤ ਦੀ ਰੋਟੀ ਖਾਣ ਬਾਅਦ ਸਾਹਿਲ ਆਪਣੀ ਮੰਮੀ ਨਾਲ ਪਿਆ ਸੀ ।ਸਾਹਿਲ ਮੰਮੀ ਦੀ ਬਾਂਹ 'ਤੇ ਪਿਆ ਸੀ। ਸਾਹਿਲ ਦੇ ਮੰਮੀ ਉਸ ਦੇ ਵਾਲਾਂ ਵਿੱਚ ਹੱਥ ਫੇਰਦੇ ਹੋਏ ਕਹਿਣ ਲੱਗੇ, ਸਾਹਿਲ ਪੁੱਤ, ਤੂੰ ਆਪਣੇ ਬਸਤੇ ਨੂੰ ਦੇਖਿਆ ।ਕਿੱਥੇ ਪਿਆ ? ਸਾਹਿਲ ਬੜੀ ਲਾਪਰਵਾਹੀ ਨਾਲ ਜਵਾਬ ਦਿੰਦਾ ਬੋਲਿਆ, ਮੰਮੀ ਬਸਤੇ ਨੇ ਕਿੱਥੇ ਜਾਣਾ ਏ, ਜਿੱਥੇ ਰੱਖਿਆ ਸੀ, ਉੱਥੇ ਹੀ ਪਿਆ ।ਹੋਰ ਹੁਣ ਕੋਈ ਬਸਤਾ ਤੁਰਨ ਤਾਂ ਲੱਗ ਨਹੀਂ ਪਿਆ ।ਸਾਹਿਲ ਦੇ ਮੰਮੀ ਨੇ ਕਿਹਾ, ਪੁੱਤ ਦੇਖ ਜਦੋਂ ਅਸੀਂ ਕਿਸੇ ਚੀਜ਼ ਦੀ ਕਦਰ ਨਹੀਂ ਕਰਦੇ ਤਾਂ ਅੱਗੇ ਜਾ ਕੇ ਉਹ ਚੀਜ਼ ਸਾਡੇ ਤੋਂ ਦੂਰ ਹੋ ਜਾਂਦੀ। ਬਸਤਾ ਸਿਰਫ ਕਿਤਾਬਾਂ, ਕਾਪੀਆਂ ਰੱਖਣ ਵਾਲਾ ਕੋਈ ਝੋਲਾ ਨਹੀਂ ਹੈ ।ਇਸ ਵਿੱਚ ਤੇਰਾ ਭਵਿੱਖ ਕੈਦ ਹੈ। ਬਸ ਤੂੰ ਉਸ ਵਿੱਚੋਂ ਆਪਣਾ ਭਵਿੱਖ ਆਪ ਬਣਾਉਣਾ।ਇਹਨੂੰ ਜੇ ਨਾ ਸਾਂਭੇਗਾ ਤਾਂ ਇਹ ਵੀ ਤੈਨੂੰ ਸ਼ਰਾਪ ਦੇਊਗਾ। ਮੰਮੀ ਦੀਆਂ ਗੱਲਾਂ ਸੁਣਦੇ-ਸੁਣਦੇ ਸਾਹਿਲ ਸੌਂ ਗਿਆ। ਅੱਧੀ ਰਾਤ ਨੂੰ ਸਾਹਿਲ ਨੂੰ ਲੱਗਿਆ ਕਿ ਕੋਈ ਚੀਜ਼ ਉਸ ਦੀ ਬਾਂਹ 'ਤੇ ਖੁੱਭ ਰਹੀ ਹੈ। ਉਸ ਨੇ ਦੇਖਿਆ ਤਾਂ ਉਸ ਦੇ ਬੈਗ ਵਿੱਚੋਂ ਪੈਂਸਿਲ ਨਿਕਲ ਕੇ ਉਸ ਦੀ ਬਾਂਹ ਨੂੰ ਖੁੱਭ ਰਹੀ ਸੀ। ਬਸਤਾ ਮੰਜੇ ਕੋਲ ਪਿਆ ਸੀ। ਸਾਹਿਲ ਵੇਖ ਕੇ ਹੈਰਾਨ ਹੋ ਗਿਆ ਕਿ ਬਸਤਾ ਤਾਂ ਮੈਂ ਅੰਦਰ ਰੱਖਿਆ ਸੀ। ਇਹ ਬਾਹਰ ਕਿਵੇਂ ਆ ਗਿਆ ? ਜਿਵੇਂ ਹੀ ਉਹ ਪੈਂਸਲ ਚੁੱਕ ਕੇ ਬਸਤੇ ਵਿੱਚ ਪਾਉਣ ਲੱਗਾ ਤਾਂ ਬਸਤਾ ਅਚਾਨਕ ਬੋਲ ਪਿਆ। ਕਹਿਣ ਲੱਗਾ, ਸਾਹਿਲ.. ਮੈਂ ਤੇਰੇ ਕੋਲ ਚੱਲ ਕੇ ਇਸ ਲਈ ਨਹੀਂ ਆਇਆ ਕਿ ਤੂੰ ਫਿਰ ਉਸੇ ਥਾਂ 'ਤੇ ਮੈਨੂੰ ਰੱਖ ਦੇਵੇਂ। 'ਦੇਖ ਮੇਰੀ ਹਾਲਤ ਮੇਰੇ ਵਿੱਚ ਪਈਆਂ ਕਾਪੀਆਂ, ਕਿਤਾਬਾਂ ਕਿਵੇਂ ਨੀਰਸ ਹੋ ਗਈਆਂ। ਦੇਖ ਤੇਰੀ ਪੈਂਸਲ ਆਪ ਚੱਲ ਕੇ ਤੇਰੇ ਕੋਲ ਆਈ ਏ। ਮੇਰੇ 'ਤੇ ਪਈ ਮਿੱਟੀ ਦੇਖ ਕੇ ਤੈਨੂੰ ਤਰਸ ਨਹੀਂ ਆਉਂਦਾ। ਤੈਨੂੰ ਪਤਾ ਮੇਰੇ ਵਿੱਚ ਜਾਦੂ ਹੈ ਜਾਦੂ। ਜੇ ਤੂੰ ਇਹਨਾਂ ਕਿਤਾਬਾਂ-ਕਾਪੀਆਂ ਨੂੰ ਹੱਥ ਲਾਵੇਂਗਾ, ਕੰਮ ਕਰੇਂਗਾ ਮੇਰਾ ਖਿਆਲ ਰੱਖੇਂਗਾ ਤਾਂ ਮੈਂ ਤੈਨੂੰ ਉਚਾਈ ਛੂਹਣ ਲਈ ਖੰਭ ਦੇਊਗਾ।' ਸਾਹਿਲ ਅੱਖਾਂ ਮਲ ਰਿਹਾ ਸੀ। ਹੈਅ... ਬਸਤਾ ਬੋਲ ਰਿਹਾ। ਬਸਤਾ ਫਿਰ ਬੋਲਿਆ, ਤੂੰ ਉੱਚਾ ਉੱਡਣਾ ਚਾਹੁਣਾ ਹੈ ਨਾ, ਤਾਂ ਆ ਮੇਰੇ ਕੋਲ ਆ ਮੇਰੇ ਨਾਲ ਖੇਡ (ਭਾਵ ਪੜ੍ਹ)। ਸਾਹਿਲ ਡਰ ਕੇ ਉੱਠ ਖੜੋਤਾ। ਆਸ-ਪਾਸ ਦੇਖਿਆ ਤਾਂ ਕੁਝ ਵੀ ਨਹੀਂ ਸੀ। ਉਸ ਦੇ ਮੰਮੀ ਚੌਕੇ ਵਿੱਚ ਚਾਹ ਬਣਾ ਰਹੇ ਸਨ। ਉਹ ਮੰਜੇ ਤੋਂ ਉੱਠ ਕੇ ਭੱਜਦਾ ਹੋਇਆ ਅੰਦਰ ਗਿਆ ਤਾਂ ਬਸਤਾ ਉੱਥੇ ਹੀ ਪਿਆ ਸੀ, ਪਰ ਸੁਪਨੇ ਵਿੱਚ ਬਸਤੇ ਦੀ ਕਹੀ ਹਰ ਗੱਲ ਸਾਹਿਲ ਨੂੰ ਯਾਦ ਸੀ। ਸਾਹਿਲ ਨੇ ਬਸਤਾ ਚੁੱਕ ਕੇ ਮੇਜ਼ 'ਤੇ ਰੱਖਿਆ ਤੇ ਸਾਰੀਆਂ ਕਿਤਾਬਾਂ-ਕਾਪੀਆਂ ਕੱਢ ਕੇ ਬਸਤੇ ਨੂੰ ਝਾੜਨ ਲੱਗਿਆ। ਮੰਮੀ ਚੌਕੇ 'ਤੇ ਕੰਮ ਕਰਦੀ ਹੋਈ ਸਾਹਿਲ ਵੱਲ ਦੇਖ ਰਹੀ ਸੀ। ਚਾਹ ਦਾ ਗਿਲਾਸ ਲੈ ਕੇ ਸਾਹਿਲ ਕੋਲ ਆਈ ਤਾਂ ਕਹਿਣ ਲੱਗੀ, ਸਾਹਿਲ ਸੂਰਜ ਕਿਹੜੇ ਪਾਸੋਂ ਚੜ੍ਹ ਗਿਆ ? ਅੱਜ ਜਿਹੜਾ ਤੂੰ ਸਵੇਰੇ ਹੀ ਬਸਤਾ ਚੁੱਕ ਲਿਆ। ਸਾਹਿਲ ਕਹਿੰਦਾ, 'ਕੁਝ ਨਹੀਂ ਮੰਮੀ।' ਬਸ ਤੁਸੀਂ ਮੇਰਾ ਅੱਜ ਬਸਤਾ ਧੋ ਦਿਓ। ਅੱਜ ਤੋਂ ਬਾਅਦ ਮੈਂ ਆਪਣਾ ਕੰਮ ਰੋਜ਼ ਕਰਾਂਗਾ। ਤੇ ਬਸਤਾ ਵੀ ਸੰਭਾਲ ਕੇ ਰੱਖਾਂਗਾ। ਮੰਮੀ ਸਾਹਿਲ ਦੇ ਵਤੀਰੇ ਤੋਂ ਬੜੇ ਹੈਰਾਨ ਸਨ। ਤੇ ਸੋਚਣ ਲੱਗੇ ਸ਼ਾਇਦ ਰਾਤ ਉਸ ਦੇ ਸਮਝਾਉਣ ਤੇ ਸਾਹਿਲ ਨੂੰ ਸਮਝ ਆ ਗਈ ਹੋਵੇ। ਫਿਰ ਸਾਹਿਲ ਮੂੰਹ ਵਿੱਚ ਬੋਲਣ ਲੱਗਾ। ਜੇ ਮੈਂ ਨਾ ਬਸਤਾ ਸੰਭਾਲਿਆ ਤਾਂ ਬਸਤਾ ਫਿਰ ਦੂਰ ਹੋ ਜਾਊ। ਸਾਹਿਲ ਦੀ ਮੰਮੀ ਕਹਿੰਦੀ, ਕੀ ਹੋਇਆ ਸਾਹਿਲ ? ਤੂੰ ਮੂੰਹ ਵਿੱਚ ਕੀ ਬੋਲਦਾ ਪਿਆਂ ? ਉਹ ਕਹਿੰਦਾ, ਕੁਝ ਨਹੀਂ ਮੰਮੀ। ਤੁਹਾਨੂੰ ਪਤਾ ਮੇਰਾ ਬਸਤਾ ਬੋਲਦਾ ਏ।ਸਾਹਿਲ ਦੇ ਮੰਮੀ ਹੱਸਦੇ ਹੋਏ ਬਾਹਰ ਜਾਣ ਲੱਗੇ ਤੇ ਸਾਹਿਲ ਏਨਾ ਕਹਿ ਕੇ ਕਿਤਾਬਾਂ-ਕਾਪੀਆਂ ਨੂੰ ਠੀਕ ਕਰਕੇ ਕੰਮ ਕਰਨ ਲੱਗ ਗਿਆ।

*ਸੰਪਰਕ : 99885-28869*

# ਭੈੜੇ ਖਿਆਲਾਂ ਤੇ ਸੁਪਨਿਆਂ ਦੇ ਸਨਮੁੱਖ : ਕਿਤਾਬਾਂ

ਜਦੋਂ ਵੀ ਕਿਤਾਬਾਂ ਦਾ ਜ਼ਿਕਰ ਆਉਂਦਾ ਹੈ ਤਾਂ ਮੈਨੂੰ ਮੇਰਾ ਬਚਪਨ ਯਾਦ ਆ ਜਾਂਦਾ ਹੈ। ਜਦ ਮੈਂ ਸਕੂਲ ਵਿੱਚ ਦਾਖਲ ਹੋਇਆ ਸੀ ਅਤੇ ਮੈਨੂੰ ਪਹਿਲਾਂ ਕਾਇਦੇ ਤੇ ਫੇਰ ਕਿਤਾਬਾਂ ਪੜ੍ਹਨੀਆਂ ਪਈਆਂ ਸਨ। ਬੇਸ਼ੱਕ ਹੋਰਨਾਂ ਨੂੰ ਤਾਂ ਸਕੂਲ ਪੜ੍ਹਦੇ ਸਮੇਂ ਕੋਰਸੀ ਕਿਤਾਬਾਂ ਪੜ੍ਹਨੀਆਂ ਚੰਗੀਆਂ ਲੱਗਦੀਆਂ ਹੋਣਗੀਆਂ, ਪ੍ਰੰਤੂ ਮੈਨੂੰ ਕਦੇ ਵੀ ਕਿਤਾ



# ਕਿਸਾਨ ਅੰਦੋਲਨ ਤੇ ਫ਼ਿਕਰ ਯਾਦਾਂ ਤੇ ਗਵਾਹੀ

ਕਿਸਾਨ ਅੰਦੋਲਨ (2020-2021) ਵਿਚ ਪੰਜਾਬ ਦੇ ਕਿਸਾਨਾਂ ਤੇ ਕਿਸਾਨ ਜਥੇਬੰਦੀਆਂ ਨੇ ਪੰਜਾਬ ਦੇ ਇਤਿਹਾਸ ਵਿਚ ਨਾਬਰੀ, ਸਿਦਕ, ਸਿਰੜ ਤੇ ਸੰਜਮ ਦਾ ਅਦੁੱਤੀ ਅਧਿਆਇ ਲਿਖਿਆ। ਇਸ ਅੰਦੋਲਨ ਵਿਚ ਸੱਤ ਸੌ ਤੋਂ ਵੱਧ ਕਿਸਾਨਾਂ ਦੀਆਂ ਜਾਨਾਂ ਗਈਆਂ ਤੇ ਉਹ ਲੋਕ ਸ਼ਹੀਦ ਬਣੇ। ਇਸ ਅੰਦੋਲਨ ਦਾ ਆਧਾਰ ਪੰਜਾਬ ਦੀ ਵਲੂੰਧਰੀ ਆਤਮਾ ਵਿਚ ਆਇਆ ਉਹ ਤੂਫ਼ਾਨ ਸੀ, ਜਿਹੜਾ 5 ਜੂਨ 2020 (ਜਦੋਂ ਖੇਤੀ ਆਰਡੀਨੈਂਸ ਜਾਰੀ ਕੀਤੇ ਗਏ) ਤੋਂ ਬਾਅਦ ਉਦੈ ਹੋਇਆ। ਸਭ ਵਰਗਾਂ ਦੇ ਲੋਕਾਂ, ਕਿਸਾਨਾਂ, ਮਜ਼ਦੂਰਾਂ, ਕਿਰਤੀਆਂ, ਮਿਹਨਤਕਸ਼ਾਂ, ਵਿਦਿਆਰਥੀਆਂ, ਨੌਜਵਾਨਾਂ, ਲੇਖਕਾਂ, ਚਿੰਤਕਾਂ, ਵਿਦਵਾਨਾਂ, ਰੰਗਕਰਮੀਆਂ, ਕਲਾਕਾਰਾਂ ਤੇ ਸਮਾਜਿਕ ਕਾਰਕੁਨਾਂ ਨੇ ਇਸ ਅੰਦੋਲਨ ਵਿਚ ਹਿੱਸਾ ਲਿਆ।

ਪੰਜਾਬ ਦੇ ਲੇਖਕਾਂ ਨੇ ਇਸ ਅੰਦੋਲਨ ਵਿਚ ਭਰਪੂਰ ਹਿੱਸਾ ਪਾਇਆ। ਉਹ ਸਿੰਘੂ ਤੇ ਟਿੱਕਰੀ ਬਾਰਡਰਾਂ 'ਤੇ ਪਹੁੰਚੇ ਤੇ ਨਾਲ-

**ਸਵਰਾਜਬੀਰ**

ਨਾਲ ਕਿਸਾਨ ਅੰਦੋਲਨ ਦੇ ਬਹੁ-ਪਰਤੀ ਪਸਾਰਾਂ ਨੂੰ ਅਪਣਾਉਂਦਿਆਂ ਹੋਇਆਂ ਸੰਘਰਸ਼ਮਈ ਗੀਤ, ਕਵਿਤਾਵਾਂ, ਲੇਖ ਤੇ ਨਾਟਕ ਲਿਖੇ। ਸੁਰਜੀਤ ਪਾਤਰ ਹੋਰਾਂ ਤੋਂ ਲੈ ਕੇ ਪੰਜਾਬੀ ਵਿੱਚ ਨਵਾਂ ਲਿਖਣ ਵਾਲੇ ਲੇਖਕਾਂ ਤੱਕ ਹਰ ਕੋਈ ਇਸ ਮਹਾਂ-ਯਾਤਰਾ ਵਿਚ ਸ਼ਾਮਲ ਹੋਇਆ।

ਹੁਣ ਜਦੋਂ ਕੌਂਦਰੀ ਪੰਜਾਬੀ ਲੇਖਕ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ ਤਾਂ ਉਸ ਵਿੱਚ ਦੋ ਉਮੀਦਵਾਰ ਅਜਿਹੇ ਹਨ, ਜਿਨ੍ਹਾਂ ਦੀਆਂ ਕਿਸਾਨ ਅੰਦੋਲਨ ਬਾਰੇ ਲਿਖਤਾਂ ਨਾਲ ਮੇਰੀ ਸਾਂਝ ਪਈ। ਇਹ ਸਾਂਝ ਸਭਾ ਦੇ ਪ੍ਰਧਾਨਗੀ ਦੇ ਅਹੁਦੇ ਲਈ ਚੋਣ ਲੜ ਰਹੇ ਸ਼ਾਇਰ ਸੁਰਜੀਤ ਜੱਜ ਦੀ ਕਿਸਾਨ ਅੰਦੋਲਨ ਬਾਰੇ ਸ਼ਾਇਰੀ ਨਾਲ ਜਨਵਰੀ 2021 ਵਿੱਚ ਸ਼ੁਰੂ ਹੋਈ ਤੇ ਹਰਮੀਤ ਵਿਦਿਆਰਥੀ (ਜੋ ਜਨਰਲ ਸਕੱਤਰ ਦੇ ਅਹੁਦੇ ਲਈ ਚੋਣ ਲੜ ਰਹੇ ਹਨ) ਨਾਲ ਬਾਅਦ ਵਿੱਚ। ਜਨਵਰੀ 2021 ਵਿਚ ਕਿਸਾਨ ਜਥੇਬੰਦੀਆਂ ਦੇ ਸੱਦੇ ਦਾ ਹੁੰਗਾਰਾ ਦਿੰਦਿਆਂ ਵੱਖ-ਵੱਖ ਜਨਤਕ ਜਥੇਬੰਦੀਆਂ, ਜਮਹੂਰੀ ਅਧਿਕਾਰਾਂ ਨਾਲ ਸੰਬੰਧਤ ਸੰਸਥਾਵਾਂ ਪੰਜਾਬ ਦੇ ਲੋਕ-ਪੱਖੀ ਦਾਨਿਸ਼ਵਰਾਂ ਦੇ ਸਹਿਯੋਗ ਨਾਲ 10 ਜਨਵਰੀ 2021 ਨੂੰ ਚੰਡੀਗੜ੍ਹ ਵਿਚ ਬੁੱਧੀਜੀਵੀਆਂ ਦਾ ਸੰਮੇਲਨ ਬੁਲਾਇਆ ਗਿਆ ਜਿਸ ਨੂੰ ਖੇਤੀ ਖੇਤਰ ਦੇ ਉੱਘੇ ਵਿਦਵਾਨਾਂ ਪੀ. ਸਾਈਨਾਥ ਤੇ ਦੇਵਿੰਦਰ ਸ਼ਰਮਾ ਨੇ ਸੰਬੋਧਿਤ ਕੀਤਾ। ਉਸੇ ਸੰਮੇਲਨ ਵਿਚ ਸੁਰਜੀਤ ਜੱਜ ਨੇ ਲਿਖੇ ਤੇ ਪਰਮਜੀਤ ਕੌਰ ਬਟਾਲਾ ਦੇ ਗਾਏ ਗੀਤ, 'ਤੂੰ ਕਿੰਝ ਆਲ੍ਹਣਾ ਸਾਂਭੇਂਗਾ, ਜਦ ਬਿਰਖ ਉਨ੍ਹਾਂ ਕਟਵਾ ਦੇਣਾ' ਨੇ ਡੂੰਘੀਆਂ ਤਰਥਾਂ ਜਗਾਈਆਂ। ਇਹ ਸੰਮੇਲਨ ਡਾ. ਜਗਮੋਹਨ ਸਿੰਘ, ਰਾਜਿੰਦਰ ਸਿੰਘ ਚੀਮਾ, ਡਾ. ਹਰੀਸ਼ ਪੁਰੀ, ਅਮੋਲਕ ਸਿੰਘ, ਕੁਲਦੀਪ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ ਤੇ ਹੋਰ ਸਾਥੀਆਂ ਦੇ ਯਤਨਾਂ ਨਾਲ ਸੰਭਵ ਹੋਇਆ ਸੀ। ਸੁਰਜੀਤ ਜੱਜ ਦੇ ਗੀਤ ਵਿਚ ਕਿਸਾਨਾਂ-ਮਜ਼ਦੂਰਾਂ ਦੇ ਦੁੱਖਾਂ ਦੇ ਨਾਲ-ਨਾਲ ਭਾਰਤ ਦੇ ਅਰਥਚਾਰੇ ਤੇ ਸਿਆਸਤ 'ਤੇ ਹੋ ਰਹੇ ਕਾਰਪੋਰੇਟੀ ਕਬਜ਼ੇ ਤੇ ਸਿਆਸਤਦਾਨਾਂ ਦੀ ਕਾਰਪੋਰੇਟਾਂ ਸਾਹਮਣੇ ਗੋਡੇ ਟੇਕ ਦੇਣ ਵਾਲੀਆਂ ਨੀਤੀਆਂ ਦਾ ਵੀ ਚਿਤਰਣ ਸੀ। ਇਸ ਗੀਤ ਵਿਚਲੀ ਵੇਦਨਾ ਨੇ ਮੈਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ ਤੇ ਮੈਂ 04 ਅਪਰੈਲ, 2021 ਨੂੰ ਲੰਮਾ ਸੰਪਾਦਕੀ ਇਸੇ ਸਿਰਲੇਖ 'ਤੂੰ ਕਿੰਝ ਆਲ੍ਹਣਾ ਸਾਂਭੇਂਗਾ...' ਹੇਠ ਲਿਖਿਆ। ਉਸ ਸੰਪਾਦਕੀ ਵਿਚ ਮੈਂ ਖੇਤੀ ਖੇਤਰ ਦੇ ਨਾਲ-ਨਾਲ ਕੌਂਦਰੀ ਸਰਕਾਰ ਦੁਆਰਾ ਜਨਤਕ ਅਦਾਰਿਆਂ ਅਤੇ ਸਨਅਤਾਂ ਦੇ ਤੇਜ਼ੀ ਨਾਲ ਕੀਤੇ ਜਾ ਰਹੇ ਨਿੱਜੀਕਰਨ ਦੇ ਵਿਸ਼ੇ ਛੋਹੇ। ਮੈਨੂੰ ਯਾਦ ਹੈ ਕਿ ਉਸ ਦਿਨ ਮੈਂ ਸੁਰਜੀਤ ਜੱਜ ਹੋਰਾਂ ਨੂੰ ਫ਼ੋਨ ਕੀਤਾ ਕਿ 'ਕਿੰਝ' ਦੇ ਸ਼ਬਦ-ਜੋੜ 'ਕਿੰਝ' ਲਿਖਣੇ ਹਨ ਜਾਂ 'ਕਿੰਜ' ਤਾਂ ਜੱਜ ਹੋਰਾਂ ਜਵਾਬ ਦਿੱਤਾ ਕਿ ਸ਼ਬਦ-ਜੋੜ ਕੋਈ ਵੀ ਰੱਖ ਲਵੋ ਗੱਲ ਤਾਂ ਅਸਲੀਅਤ ਨੂੰ ਕਹਿਣ ਵਿਚ ਪਈ ਹੈ। ਉਸ ਸੰਪਾਦਕੀ ਵਿਚ ਸੁਰਜੀਤ ਜੱਜ ਦੇ ਬੋਲ ਕੁਝ ਏਦਾਂ ਉੱਭਰੇ, "ਤੂੰ ਕਿੰਝ ਆਲ੍ਹਣਾ ਸਾਂਭੇਂਗਾ, ਜਦ ਬਿਰਖ ਉਨ੍ਹਾਂ ਕਟਵਾ ਦੇਣਾ/ਤੂੰ ਮਰਦੋਂ ਚੰਦ ਸਿਆੜਾਂ ਲਈ, ਉਨ੍ਹਾਂ ਦੇਸ਼ ਪੂਰਾ ਵਿਕਾ ਦੇਣਾ।"

ਸੁਰਜੀਤ ਜੱਜ ਨੇ ਕਿਸਾਨ ਅੰਦੋਲਨ ਵਿਚ ਭਰਪੂਰ ਹਿੱਸਾ ਲਿਆ। ਇਸ ਅਨੁਭਵ ਨੇ ਉਸ ਦੀ ਸ਼ਾਇਰੀ ਨੂੰ ਉਹ ਜ਼ਰਖ਼ੇਜ਼ ਜ਼ਮੀਨ ਦਿੱਤੀ, ਜਿਸ ਵਿੱਚੋਂ ਉਸ ਦੀ ਕਿਤਾਬ 'ਕਿਸਾਨ ਕੂਚ' ਦੀ ਸ਼ਾਇਰੀ ਪੁੰਗਰੀ ਤੇ ਪਣਪੀ। ਇਸ ਕਿਤਾਬ ਦੀਆਂ ਕਈ ਕਵਿਤਾਵਾਂ ਯਾਦਗਾਰੀ ਹਨ; ਉਦਾਹਰਣ ਦੇ ਤੌਰ 'ਤੇ 'ਖੇਤ ਦਮੂੰਹੀਆਂ ਮੱਲ ਲਏ' ਕਵਿਤਾ ਦੀ ਸ਼ੁਰੂਆਤ ਕੁਝ ਇਸ ਤਰ੍ਹਾਂ ਹੁੰਦੀ ਹੈ:

ਸਭ ਭਰਮ-ਭੁਲੇਖੇ ਤਿੜਕ ਗਏ
ਖ਼ੁਦ ਜ਼ਹਿਰ ਦਾ ਸਾਗਰ ਰਿੜਕ ਗਏ
ਲਾ ਜ਼ਖ਼ਮ ਲੂਣ ਜੋ ਛਿੜਕ ਗਏ
ਪੀੜਾਂ ਤੋਂ ਤੈਨੂੰ ਮੁਕਤੀ ਦਾ,
ਓਹੀ ਨੇ ਦੱਸਦੇ ਹੱਲ ਪਏ
ਤੂੰ ਰਾਖੀ ਬੈਠੈਂ ਖੁੱਡਾਂ ਦੀ
ਤੇਰੇ ਖੇਤ ਦਮੂੰਹੀਆਂ ਮੱਲ ਲਏ।
ਰ ਲ



ਸਾਜ਼ਿਸ਼ ਫ਼ਸਲ ਉਧਾਲਣ ਦੀ
ਨਾਪਾਕ ਉਜਾੜਾਂ ਕਰ ਲਈ ਏ
ਆਪੋ ਵਿੱਚ ਸੰਧੀ ਉਮਰਾਂ ਦੀ
ਚੋਰਾਂ ਤੇ ਵਾੜਾਂ ਕਰ ਲਈ ਏ
ਵੱਟਾਂ ਦਾ ਹੁਲੀਆ ਦੱਸਦਾ ਏ
ਖ਼ੁਦਕੁਸ਼ੀ ਸਿਆੜਾਂ ਕਰ ਲਈ ਏ
ਮੁੜ-ਮੁੜ ਕੇ ਆਪਣੀ ਮਈਅਤ ਦੇ
ਆਪੇ ਹੀ ਸਦਮੇ ਝੱਲ ਲਏ
ਤੂੰ ਰਾਖੀ ਬੈਠੈਂ ਖੁੱਡਾਂ ਦੀ
ਤੇਰੇ ਖੇਤ ਦਮੂੰਹੀਆਂ ਮੱਲ ਲਏ।

ਕਿਸਾਨ ਅੰਦੋਲਨ ਨੇ ਕਿਸਾਨਾਂ ਨੂੰ ਕਾਰਪੋਰੇਟ ਘਰਾਣਿਆਂ ਦੀ ਵਧਦੀ ਤਾਕਤ ਅਤੇ ਉਨ੍ਹਾਂ ਦੁਆਰਾ ਥੋਪੀ ਜਾ ਰਹੀ ਤਰਜ਼-ਏ-ਜ਼ਿੰਦਗੀ ਦੇ ਵਿਰੁੱਧ ਲੜਨ ਵਾਲੇ ਮੋਹਰੀ ਹੀ ਨਹੀਂ ਬਣਾਇਆ, ਸਗੋਂ ਉਨ੍ਹਾਂ ਨੂੰ ਸਾਂਝੀਵਾਲਤਾ ਦੇ ਮਹਾਂ-ਸਰੋਵਰ ਵਿਚ ਇਸ਼ਨਾਨ ਵੀ ਕਰਾਇਆ। ਕਿਸਾਨਾਂ ਵਿਚ ਇਹ ਚੇਤਨਾ ਬਹੁਤ ਪ੍ਰਮੁੱਖਤਾ ਨਾਲ ਉੱਭਰੀ ਕਿ ਉਹ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ, ਪਰ ਨਾਲ-ਨਾਲ ਉਨ੍ਹਾਂ ਵਿਚ ਇਹ ਧਾਰਨਾ ਵੀ ਵੱਡੀ ਪੱਧਰ 'ਤੇ ਪਣਪੀ ਕਿ ਉਨ੍ਹਾਂ ਨੂੰ ਹੋਰ ਵਰਗਾਂ ਦੇ ਲੋਕਾਂ ਨੂੰ ਆਪਣੇ ਨਾਲ ਲੈਣਾ ਅਤੇ ਉਨ੍ਹਾਂ ਦੇ ਹੱਕਾਂ ਲਈ ਵੀ ਬੋਲਣਾ ਪਵੇਗਾ। ਸੰਘਰਸ਼ ਦੇ ਤਜਰਬੇ ਰਾਹੀਂ ਪਣਪ ਰਹੀ ਸਾਂਝੀਵਾਲਤਾ ਦਾ ਇਹ ਜਲੌਅ ਕਿਸਾਨ ਅੰਦੋਲਨ ਦੀ ਮੁੱਖ ਪ੍ਰਾਪਤੀ ਸੀ। ਕਿਸਾਨ ਅੰਦੋਲਨ ਨੇ ਲੇਖਕਾਂ, ਕਲਾਕਾਰਾਂ, ਚਿੰਤਕਾਂ ਅਤੇ ਵਿਦਵਾਨਾਂ ਨੂੰ ਝੰਜੋੜਿਆ ਅਤੇ ਬਹੁਤ ਸਾਰੇ ਸੋਚਣਹਾਰਾਂ ਨੂੰ ਆਮ ਤੌਰ 'ਤੇ ਸਹੀ ਸਮਝੀ ਜਾ ਰਹੀ ਸਮਝੌਤਾਵਾਦੀ ਬਿਰਤੀ ਤੋਂ ਮੁਕਤ ਕਰਾਇਆ। ਇਸ ਅੰਦੋਲਨ ਨੇ ਮਾਹਿਰਾਂ ਅਤੇ ਵਿਦਵਾਨਾਂ ਨੂੰ ਇਹ ਅਹਿਸਾਸ ਕਰਾਇਆ ਹੈ ਕਿ ਸਰਕਾਰਾਂ ਅਤੇ ਕਾਰਪੋਰੇਟ ਘਰਾਣਿਆਂ ਦੇ ਸਿਰਜੇ ਜਾ ਰਹੇ ਵਿਕਾਸ ਦੇ ਬਿਰਤਾਂਤ ਦੇ ਖ਼ਿਲਾਫ਼ ਵਿਰੋਧੀ ਬਿਰਤਾਂਤ ਸਿਰਜੇ ਜਾ ਸਕਦੇ ਹਨ; ਕਲਾ ਸੁਹਜ ਦੇ ਨਾਲ-ਨਾਲ ਸੰਘਰਸ਼ਸ਼ੀਲ ਸਰੀਰਾਂ ਅਤੇ ਰੂਹਾਂ ਦੀ ਸਾਂਝੀਵਾਲ ਬਣ ਸਕਦੀ ਹੈ। ਇਸ ਤਰ੍ਹਾਂ ਇਸ ਅੰਦੋਲਨ ਨੇ ਚਿੰਤਨ ਅਤੇ ਸਿਰਜਣਾ ਨੂੰ ਨਵੇਂ ਦਿਸਹੱਦੇ ਦਿੱਤੇ ਹਨ। ਅੰਦੋਲਨ ਦੌਰਾਨ ਪੰਜਾਬੀਅਤ ਦੀ ਨਵੀਂ ਬਾਤ ਪਾਈ ਗਈ ਤੇ ਅੰਦੋਲਨ ਕਿਸਾਨ ਮੰਗਾਂ ਦਾ ਸੰਘਰਸ਼ ਹੋਣ ਦੇ ਨਾਲ-ਨਾਲ ਪੰਜਾਬੀ ਸੱਭਿਆਚਾਰ ਦੀ ਪੁਨਰ-ਸਿਰਜਣਾ ਦਾ ਪੁਰਬ ਬਣ ਗਿਆ। ਇਸ ਪੁਰਬ ਦੌਰਾਨ ਪੰਜਾਬੀ ਲੇਖਕਾਂ ਨੇ ਵੱਡੀ ਗਿਣਤੀ ਵਿਚ ਗੀਤ, ਕਵਿਤਾਵਾਂ, ਬੋਲੀਆਂ ਲਿਖੀਆਂ; ਕਹਾਣੀਆਂ ਤੇ ਨਾਟਕ ਲਿਖੇ। ਪੰਜਾਬੀ ਕਵਿਤਾ ਵਿਚ ਨਵੀਂ ਕਾਵਿ-ਭਾਸ਼ਾ ਦਾ ਨਿਰਮਾਣ ਹੋਇਆ ਜਿਸ ਨੇ ਮੱਧ ਵਰਗੀ ਸੁੱਖ, ਇਕੱਲਤਾ ਦੀ ਉਦਾਸੀ ਅਤੇ ਮਸਨੂਈ ਆਧੁਨਿਕਤਾ ਤੇ ਉਤਰ-ਆਧੁਨਿਕਤਾ ਨੂੰ ਤਿਆਗ ਕੇ ਪੰਜਾਬ ਦੇ ਵਿਰਸੇ ਤੇ ਮਿੱਟੀ ਨਾ ਲ



ਸੰਘਰਸ਼ਮਈ ਸਾਂਝ ਪਾਈ।

ਇਸ ਸਾਂਝ ਪਾਉਣ ਵਿਚ ਪੰਜਾਬ ਦੇ ਜਿਨ੍ਹਾਂ ਸ਼ਾਇਰਾਂ ਨੇ ਬਹੁਮੁੱਲੀ ਭੂਮਿਕਾ ਨਿਭਾਈ, ਉਨ੍ਹਾਂ ਵਿੱਚੋਂ ਸੁਰਜੀਤ ਪਾਤਰ ਤੇ ਸੁਰਜੀਤ ਜੱਜ ਪ੍ਰਮੁੱਖ ਸਨ। ਜੇ ਇਨ੍ਹਾਂ ਸ਼ਾਇਰਾਂ ਦੀ ਕਾਵਿ-ਭਾਸ਼ਾ ਨੂੰ ਨੀਝ ਨਾਲ ਦੇਖੀਏ ਤਾਂ ਇਹ ਪ੍ਰਤੱਖ ਹੋ ਜਾਂਦਾ ਹੈ ਇਹ ਉਹ ਕਾਵਿ-ਭਾਸ਼ਾ ਹੈ ਜੋ ਨਿੱਜ ਤੋਂ ਲੋਕ ਦਾ ਸਫ਼ਰ ਕਰ ਰਹੀ ਹੈ। ਸੁਰਜੀਤ ਜੱਜ ਦੀ ਕਵਿਤਾ 'ਜਗਣ ਮਸ਼ਾਲਾਂ ਬਣ ਕੇ' ਦੀ ਕਾਵਿ-ਭਾਸ਼ਾ ਦੇਖੋ:

ਰੋਹ ਵਿਚ ਰੱਤੀਆਂ ਤੀਆਂ ਆਈਆਂ
ਧੀਆਂ ਗਾਵਣ ਚੱਲੀਆਂ
ਕਣਕਾਂ ਦੀਆਂ ਬੱਲੀਆਂ
ਜਗਣ ਮਸ਼ਾਲਾਂ ਬਣਕੇ
ਗੰਨਿਆ ਤੇਰੀ ਪੋਰੀ-ਪੋਰੀ
ਮੱਕੀਏ ਤੇਰੀਆਂ ਝੱਲੀਆਂ
ਕਣਕਾਂ ਦੀਆਂ ਬੱਲੀਆਂ
ਜਗਣ ਮਸ਼ਾਲਾਂ ਬਣਕੇ
ਜੁਗਨੂੰ ਬਣ ਕੇ ਟਿਮਟਿਮਾਈਆਂ
ਵਾਂਗ ਦੀਵਿਆਂ ਜਗੀਆਂ
ਸੋਹਲ-ਸਰੀਰੋਂ ਝਾੜ ਕਾਲਖ਼ਾਂ
ਸਧਰਾਂ ਸਿਆੜੀਂ ਮਘੀਆਂ
ਜੋ ਮਘਿਆ ਉਹ ਮਘਦਾ ਰੱਖਣਾ
ਪਿੰਡਾ ਵੇ ਤੈਨੂੰ ਜਗਦਾ ਰੱਖਣਾ
ਕਿਰਨਾਂ ਜੂਹਾਂ ਮੱਲੀਆਂ...
ਕਣਕਾਂ ਦੀਆਂ ਬੱਲੀਆਂ
ਜਗਣ ਮਸ਼ਾਲਾਂ ਬਣ ਕੇ।

ਇਸ ਕਵਿਤਾ ਵਿਚ ਤੀਆਂ 'ਰੋਹ ਵਿੱਚ ਰੱਤੀਆਂ' ਹਨ ਤੇ ਕਣਕਾਂ ਦੀਆਂ ਬੱਲੀਆਂ ਮਸ਼ਾਲਾਂ ਬਣ ਕੇ ਜਗ ਰਹੀਆਂ ਹਨ, ਸੋਹਲ ਸਰੀਰਾਂ ਨੇ ਕਾਲਖਾਂ ਨੂੰ ਝਾੜ ਦਿੱਤਾ ਤੇ ਸਧਰਾਂ ਸਿਆੜਾਂ 'ਚ ਮਘ ਰਹੀਆਂ ਹਨ। ਸੁਰਜੀਤ ਜੱਜ ਦੀਆਂ ਕਵਿਤਾਵਾਂ ਅਜਿਹੀ ਕਾਵਿ-ਭਾਸ਼ਾ ਸਿਰਜਦੀਆਂ ਹਨ, ਜਿਨ੍ਹਾਂ ਵਿਚ ਸਰਬੱਤ ਸਜੀਵ ਹੋ ਉੱਠਦਾ ਹੈ। ਉਹ ਇਸ ਬਾਰੇ ਚੇਤੰਨ ਵੀ ਹੈ। ਕਿਸਾਨ ਅੰਦੋਲਨ ਨੇ ਕਿਸਾਨਾਂ ਨੂੰ ਉਸ ਬੇਗਾਨਗੀ ਤੇ ਉਦਾਸੀਨਤਾ 'ਚੋਂ ਕੱਢਿਆ ਸੀ, ਜਿਸ ਵਿਚ ਫਾਧੇ ਕਰਜ਼ਾਂ ਮਾਰੇ ਕਿਸਾਨ ਖ਼ੁਦਕੁਸ਼ੀ ਕਰ ਰਹੇ ਸਨ। ਸੁਰਜੀਤ ਜੱਜ ਨੇ ਇਸ ਵਰਤਾਰੇ ਨੂੰ ਨਕਾਰਦਿਆਂ ਕਿਹਾ, 'ਮੈਂ ਖ਼ੁਦਕੁਸ਼ੀ ਨਹੀਂ ਕਰਦਾ' ਤੇ ਇਸੇ ਨਾਂਅ ਵਾਲੀ ਕਵਿਤਾ ਵਿਚ ਲਿਖਿਆ :

ਮੈਂ ਖ਼ੁਦਕੁਸ਼ੀ ਨਹੀਂ ਕਰਦਾ
ਕਰ ਹੀ ਨਹੀਂ ਸਕਦਾ ਮੈਂ, ਖ਼ੁਦਕੁਸ਼ੀ
ਲਾਜ਼ਮੀ ਹੈ ਖ਼ੁਦਕੁਸ਼ੀ ਲਈ
ਖ਼ੁਦ ਹੋਣਾ
ਮੈਂ ਕਦੇ ਖ਼ੁਦ ਨਹੀਂ ਹੁੰਦਾ
ਸਦਾ ਸਰਬੱਤ ਹੁੰਦਾ ਹਾਂ-
ਐਲਾਨਾਂ ਦੇ ਅਰਸ਼ ਦੀ ਆਥਰੂ,
ਮੈਂ ਅੰਨ-ਦਾਤਾ ਹਾਂ
ਤੁਹਾਡੇ ਕਹਿਣ 'ਤੇ ਜਾਵਾਂ, ਤਾਂ
ਕੁਝ ਨਾ ਕੁਝ ਵਿਧਾਤਾ ਹਾਂ
ਕਰੇ ਕੋਈ ਵਿਧਾਤਾ ਖ਼ੁਦਕੁਸ਼ੀ
ਵਿਸ਼ਵਾਸ ਨਝੀਂ ਹੁੰਦਾ।

ਇਸ ਕਵਿਤਾ ਵਿਚ ਸੁਰਜੀਤ ਜੱਜ ਇਹ ਪਛਾਣਦਾ ਹੈ ਕਿ ਕਿਸਾਨਾਂ ਦੀਆਂ ਖ਼ੁਦਕੁਸ਼ੀ ਦੀਆਂ ਘਟਨਾਵਾਂ ਉਸ ਜਟਿਲ ਵਰਤਾਰੇ ਦਾ ਹਿੱਸਾ ਹਨ, ਜਿਹੜਾ ਅਜੋਕੇ ਸਰਮਾਏਦਾਰੀ ਨਿਜ਼ਾਮ ਤੋਂ ਉਪਜਦਾ ਹੈ; ਇਹ ਨਿਜ਼ਾਮ ਆਰਥਿਕ ਲੁੱਟ ਤੇ ਸਮਾਜਿਕ ਅਨਿਆਂ ਦਾ ਕਾਰਨ ਹੀ ਨਹੀਂ ਬਣਦਾ, ਸਗੋਂ ਲੁੱਟ ਤੇ ਅਨਿਆਂ ਦੇ ਨਾਲ-ਨਾਲ ਅਜਿਹੇ ਮਾਹੌਲ ਬਣਾਉਂਦਾ ਹੈ, ਜਿਸ ਵਿਚ ਕਿਰਤੀ, ਕਿਸਾਨ, ਮਜ਼ਦੂਰ ਤੇ ਮਿਹਨਤਕਸ਼ ਬੇਗਾਨਗੀ ਦੇ ਦਿਸਦੇ-ਅਣਦਿਸਦੇ ਸੰਸਾਰਾਂ ਵਿਚ ਧੱਕੇ ਜਾਂਦੇ ਅਤੇ ਮਾਨਸਿਕ ਦਬਾਅ ਦਾ ਸ਼ਿਕਾਰ ਹੁੰਦੇ ਹਨ। ਉਹ ਇਸ ਵਰਤਾਰੇ ਦੇ ਵਿਚਾਰਧਾਰਕ ਉਸਾਰ ਨੂੰ ਇਉਂ ਚਿਤਰਦਾ ਹੈ:

ਤੁਸੀਂ ਥਾਪੋ ਵਿਧਾਤਾ ਵੀ
ਐਲਾਨੋ ਅੰਨ-ਦਾਤਾ ਵੀ-
ਐਲਾਨਾਂ ਹੀ ਐਲਾਨਾਂ ਨਾਲ ਮੈਂ
ਹੱਕ-ਹੀਣ ਹੋ ਜਾਨਾ
ਇਹ ਓਹੀ ਪਲ ਹੈ ਜਦ,
ਸਰਬੱਤ ਤੋਂ ਮੈਂ ਗੀਣ ਹੋ ਜਾਨਾ
ਮੇਰੇ 'ਚੋਂ ਮੇਰਾ ਸਰਬੱਤ ਮਿੱਥ ਕੇ ਰਿੜਕ ਲੈਂਦੇ ਹੋ
ਤੇ ਖੁਰ-ਖੁਰ ਕੇ ਕਦੋਂ ਮੈਂ 'ਖ਼ੁਦ' ਬਣਾਂ
ਨਿੱਤ ਬਿੜਕ ਲੈਂਦੇ ਹੋ
ਮੇਰਾ ਸਰਬੱਤ ਤੋਂ ਖ਼ੁਦ ਹੋਣਾ
ਤੁਹਾਨੂੰ ਰਾਸ ਆਉਂਦਾ ਹੈ।

ਬੰਦੇ ਦਾ ਸਰਬੱਤ ਤੋਂ ਗੀਣ ਹੋਣਾ ਉਸ ਨੂੰ ਨਿਮਾਣਾ ਤੇ ਨਿਤਾਣਾ ਬਣਾਉਂਦਾ ਤੇ ਉਸ ਨੂੰ ਬੌਣਿਆਂ ਕਰਦਾ ਹੈ; ਮਨੁੱਖ 'ਚੋਂ ਸਰਬੱਤ ਦਾ ਕਿਰਨਾ ਉਸ ਨੂੰ ਅਣਮਨੁੱਖਤਾ ਵੱਲ ਧੱਕਦਾ ਹੈ, ਜਿਸ ਵਿਚ ਜਿੱਥੇ ਉਹ ਦੂਸਰਿਆਂ ਪ੍ਰਤੀ ਹਿੰਸਕ ਹੁੰਦਾ ਹੈ, ਉੱਥੇ ਉਹ ਆਪਣੇ-ਆਪ ਨਾਲ ਵੀ ਹਿੰਸਾ ਕਰਦਾ ਹੈ, ਖ਼ੁਦਕੁਸ਼ੀ ਕਰਦਾ ਹੈ। ਸੁਰਜੀਤ ਨਿਜ਼ਾਮ ਦੀ ਇਸ ਜਟਿਲਤਾ ਨੂੰ ਪਛਾਣਦਾ ਤੇ ਬੋਲ ਦਿੰਦਾ ਹੈ।

ਜੇ ਅਸੀਂ ਕਿਤਾਬ 'ਕਿਸਾਨ ਕੂਚ' ਦਾ ਸਰਵਰਕ ਵੇਖੀਏ ਤਾਂ ਉਸ 'ਤੇ 'ਕਿਸਾਨ ਕੂਚ' ਤੋਂ ਪਹਿਲਾਂ ਲਿਖਿਆ 'ਜ਼ਫ਼ਰਨਾਮੇ ਦੀ ਜੂਹ 'ਚੋਂ'। ਇਸ ਤਰ੍ਹਾਂ ਕਿਤਾਬ ਦਾ ਪੂਰਾ ਨਾਂਅ ਹੈ 'ਜ਼ਫ਼ਰਨਾਮੇ ਦੀ ਜੂਹ 'ਚੋਂ ਕਿਸਾਨ ਕੂਚ' ਹੈ; ਇਹ ਨਾਂਅ ਸਾਨੂੰ ਕਿਸਾਨ ਅੰਦੋਲਨ ਦੇ ਸਿਆਸੀ ਅਵਚੇਤਨ ਦੇ ਇਤਿਹਾਸ ਦਾ ਪਤਾ ਦਿੰਦਾ ਹੈ। 'ਜ਼ਫ਼ਰਨਾਮਾ' ਅਜਿਹੀ ਦਸਤਾਵੇਜ਼ ਹੈ, ਜਿਹੜੀ ਪੰਜਾਬ ਦੇ ਇਤਿਹਾਸ ਵਿਚ ਆਏ ਉਸ ਮੋੜ ਦੀ ਨਿਸ਼ਾਨਦੇਹੀ ਕਰਦੀ ਹੈ, ਜਿਸ ਨੇ ਪੰਜਾਬ ਤੇ ਪੰਜਾਬੀਆਂ ਨੂੰ ਇਤਿਹਾਸ ਵਿਚ ਨਿਰਣਾਇਕ ਮੋੜ ਦੇਣ ਵਾਲੀ ਤਾਕਤ ਬਣਾ ਦਿੱਤਾ। ਪੰਜਾਬੀਆਂ ਦੀ ਨਾਬਰੀ ਰਵਾਇਤੀ ਬਹੁਤ ਪੁਰਾਣੀ ਹੈ, ਪਰ ਨਾਬਰੀ ਨੂੰ ਇਤਿਹਾਸ ਵਿਚ ਬਦਲਣ ਵਾਲੀ ਤਾਕਤ ਬਣਨਾ ਇਕ ਵੱਖਰਾ ਵਰਤਾਰਾ ਸੀ। ਜੇ ਇਸ ਹਵਾਲੇ ਨਾਲ ਦੇਖੀਏ ਤਾਂ 'ਜ਼ਫ਼ਰਨਾਮੇ' ਨਾਲ ਜੁੜੀਆਂ ਘਟਨਾਵਾਂ ਤੋਂ ਬਾਅਦ ਪੰਜਾਬ ਵਿਚ ਜਬਰ ਵਿਰੁੱਧ ਹੋਈ ਹਰ ਲੜਾਈ, ਸੰਘਰਸ਼ ਤੇ ਅੰਦੋਲਨ ਜ਼ਫ਼ਰਨਾਮੇ ਦੀ ਜੂਹ ਤੋਂ ਹੋਏ ਕੂਚ ਹਨ, ਇਨ੍ਹਾਂ ਵਿਚ ਬਾਬਾ ਬ